ੴ

ਤਾ ਦਰਗਹ ਬੈਸਣ ਪਾਈਐ ॥

ਕੁਝ ਸਚੀਆਂ ਵਾਰਤਾਵਾਂ 3

# ਵਿਚਿ ਦੁਨੀਆ ਸੇਵ ਕਮਾਈਐ



ਪ੍ਰਕਾਸ਼ਕ ਗੁਰਮਤਿ ਪ੍ਰਚਾਰ ਸਭਾ, ਪਟਿਆਲਾ

ਮਾਰਫ਼ਤ ਸ: ਦੀਦਾਰ ਸਿੰਘ, C 129, ਵਿਕਾਸ ਕਲੋਨੀ, ਪਟਿਆਲਾ

ਭੇਟਾ = 2/-Rs.

ੴ

ਤਾ ਦਰਗਹ ਬੈਸਣ ਪਾਈਐ ॥

ਕੁਝ ਸਚੀਆਂ ਵਾਰਤਾਵਾਂ

3

# ਵਿਚਿ ਦੂਨੀਆ ਸੇਵ ਕਮਾਈਐ



ਪ੍ਰਕਾਸ਼ਕ ਗੁਰਮਤਿ ਪ੍ਰਚਾਰ ਸਭਾ, ਪਟਿਆਲਾ

ਮਾਰਫ਼ਤ ਸ: ਦੀਦਾਰ ਸਿੰਘ, C-129, ਕੋਲਾਂ ਵਾਲਾ ਟੋਭਾ, ਪਟਿਆਲਾ

ਭੇਟਾ = 2/- ਰੁ:

ਕੁਝ ਸਚੀਆਂ ਵਾਰਤਾਵਾਂ ਦੀ

ਪਹਿਲੀ ਛੋਟੀ ਪੁਸਤਕ... ਜਮਦੂਤ ਛਡਿ ਜਾਹਿ = 2/- ਰੁ:

ਦੂਜੀ ਛੋਟੀ ਪੁਸਤਕ... ਨਾਮ ਸਹਾਈ = 2/- ਰੁ:

ਪਹਿਲੀ ਵਾਰ = 8000

ਦਸੰਬਰ 1997

ਆਪ ਪੜ੍ਹੋ ਅਤੇ ਹੋਰਨਾਂ ਨੂੰ ਵੀ ਪੜ੍ਹਨ ਲਈ ਜਾਂ ਸੁਗਾਤ ਵਜੋਂ ਭੇਟਾ ਰਹਿਤ ਦਿਓ।

ਪ੍ਰੇਮ ਭੇਟਾ ਵਲੋਂ :

## ਵਿਚਿ ਦੁਨੀਆ ਸੇਵਿ ਕਮਾਈਐ 1

ਇਕ ਰਮਤੇ ਅਕਾਲੀ ਸਿੰਘ ਜੀ, ਜਿਨ੍ਹਾਂ ਦਾ ਪਾਵਨ ਨਾਮ ਲੇਖਕ ਇਸ ਲਈ ਨਹੀਂ ਦੱਸਣਾ ਚਾਹੁੰਦਾ ਕਿ ਮਤੇ ਉਹ ਇਸ ਗੁਸਤਾਖੀ ਤੋਂ ਉਸ ਨਾਲ ਨਰਾਜ਼ ਨਾ ਹੋ ਜਾਣ ਤੇ ਕਦੇ ਮਾਫ਼ ਹੀ ਨਾ ਕਰਨ, ਕਿਉਂਕਿ ਸਿਮਰਨ ਕਰਨ ਵਾਲੇ ਗੁਰਮੁਖਾਂ ਦਾ ਇਹ ਖ਼ਾਸਾ ਹੁੰਦਾ ਹੈ ਕਿ ਉਹ ਵਿਖਾਲੇ ਜਾਂ ਹਉਮੈ ਦੀ ਖਾਤਰ ਆਪਣੀ ਕਿਸੇ ਸ਼ੁਹਰਤ (ਵਡਿਆਈ) ਨੂੰ ਪਸੰਦ ਨਹੀਂ ਕਰਦੇ, ਸਗੋਂ ਨਫ਼ਰਤ ਕਰਦੇ ਹਨ। ਕਿਉਂਕਿ ਗੁਰੂ ਸਾਹਿਬ ਵੀ ਫੁਰਮਾਉਂਦੇ ਹਨ :-

*ਹਉਮੈਂ ਕਰੀ ਤਾਂ ਤੂੰ ਨਾਹੀ,*
*ਤੂ ਹੋਵਹਿ ਹਉ ਨਾਹਿ ॥*
*ਬੂਝਹੁ ਗਿਆਨੀ ਬੂਝਣਾ*
*ਏਹ ਅਕਥ ਕਥਾ ਮਨ ਮਾਹਿ ॥* (੧੦੯੨)

ਇਹ ਅਕਾਲੀ ਜੀ ਇਸ ਘਟਨਾ ਨੂੰ ਲਿਖਣ ਸਮੇਂ ੧੯੭੩ ਵਿਚ ੮੧ ਸਾਲ ਦੀ ਉਮਰ ਦੇ ਸਨ। ਨਿਹੰਗ ਸਿੰਘਾਂ ਦਾ ਭੇਸ ਰਖਦੇ ਸਨ ਅਤੇ ੧੯੧੬ ਅਤੇ ੧੯੩੨ ਵਿਚ ਦੇਸ਼ ਅਤੇ ਧਰਮ ਦੀ ਵਫ਼ਾਦਰੀ ਤੇ ਸੇਵਾ ਬਦਲੇ ਫਾਂਸੀ ਤੇ ਲਟਕਾਏ ਜਾਣ ਤੋਂ ਗੁਰੂ ਕਿਰਪਾ ਨਾਲ ਹੀ ਬਚੇ ਸਨ।

ਕੌਮ ਦੀ ਖਾਤਰ ਇਨ੍ਹਾਂ ਕਈ ਵਾਰ ਜੇਲ੍ਹ ਕਟੀ ਤੇ ੧੯੪੨ ਵਿਚ ਪੰਡਤ ਜਵਾਹਰ ਲਾਲ ਨਹਿਰੂ ਦੇ ਕੈਦ ਕੀਤੇ ਜਾਣ ਸਮੇਂ ਜੇਲ੍ਹ ਵਿਚ ਇਹ ਉਨ੍ਹਾਂ ਦੇ ਸਾਥੀ ਰਹੇ ਸਨ।

ਅੱਜਕਲ੍ਹ ਇਹ ਸੁਤੰਤਰ ਹੋ ਕੇ, ਧਰਮ ਪ੍ਰਚਾਰ ਅਤੇ ਸੇਵਾ ਸਿਮਰਨ ਦੇ ਰਉਂ ਵਿਚ ਜਦੋਂ ਚਿਤ ਕਰੇ ਕਿਸੇ ਪਾਸੇ ਨਿਕਲ ਜਾਂਦੇ ਹਨ ਤੇ ਇਕਾਂਤ-ਇਕਾਗਰਤਾ ਵਿਚ ਹੋ ਕੇ, ਸਿਮਰਨ ਦਾ ਰਸ ਮਾਣਦੇ ਤੇ ਜੀਵਨ ਦਾ ਆਨੰਦ ਭੋਗ ਰਹੇ ਹਨ।

ਸੰਨ ੧੯੬੩ ਦੇ ਪਹਿਲੇ ਹਫ਼ਤੇ ਵਿਚ ਮਧ ਪ੍ਰਦੇਸ਼ ਦੇ 'ਸਿਪਰੀ' ਨਗਰ ਵਿਚ ਸਨ। ਸਿਪਰੀ ਦਾ ਆਲਾ-ਦੁਆਲਾ ਬੜਾ ਜਰਾਇਮ-ਪੇਸ਼ਾ ਲੋਕਾਂ ਦਾ ਹੋਣ ਕਰਕੇ ਉਥੇ ਚੋਰੀ, ਡਾਕੇ, ਗਰੀਬ ਤੇ ਇਸਤ੍ਰੀਆਂ ਉਤੇ ਬੜੇ ਜ਼ੁਲਮ ਹੁੰਦੇ ਸਨ।

ਇਹ ਅਕਾਲੀ ਜੀ ਓਦੋਂ ਗੁਰਦਵਾਰੇ ਵਿਚ ਟਿਕੇ ਹੋਏ ਸਨ। ਇਕ ਸ਼ਾਮ ਰਹਿਰਾਸ ਸਾਹਿਬ ਦਾ ਪਾਠ ਕਰਦੇ, ਸੜਕੇ-ਸੜਕ ਬੜੇ ਦੂਰ ਨਿਕਲ ਗਏ। ਘੁਪ ਹਨੇਰਾ ਹੋਣ ਤੇ ਜਦ ਵਾਪਸ ਮੁੜ ਰਹੇ ਸਨ ਤਾਂ ਸਿਪਰੀ ਸ਼ਹਿਰ ਤੋਂ ਕਾਫੀ ਬਾਹਿਰਵਾਰ ਪਾਣੀ ਲਈ ਬਣੀ ਹੋਈ ਟੈਂਕੀ ਦੇ ਉਹਲਿਓਂ ਕਿਸੇ ਇਸਤ੍ਰੀ ਦੇ ਰੋਣ ਦੀ ਦਰਦ ਭਰੀ ਆਵਾਜ਼ ਇਨ੍ਹਾਂ ਦੇ ਕੰਨੀਂ ਪਈ ਤੇ ਉਹ ਉਸ ਆਵਾਜ਼ ਵਲ ਚਲੇ ਗਏ।

ਅੱਗੇ ਜਾ ਕੇ ਉਨ੍ਹਾਂ ਵੇਖਿਆ ਕਿ ੮-੧੦ ਆਦਮੀ ਇਕ ਲੜਕੀ ਦੇ ਕਪੜੇ ਅਤੇ ਹਥੋਂ ਗਹਿਣੇ ਲਾਹੁੰਦੇ ਹਨ ਤੇ ਉਹ ਲਾਹੁਣ ਨਹੀਂ ਦੇਂਦੀ ਅਤੇ ਰੋਂਦੀ ਚਿਚਲਾਂਦੀ ਹੈ। ਉਸ ਦੇ ਕੋਲ ਇਕ ਨੌਜਵਾਨ ਦਰਖਤ ਦੇ ਤਣੇ ਨਾਲ ਰਸਿਆਂ ਨਾਲ ਜਕੜਿਆ ਹੋਇਆ ਬੱਧਾ ਹੈ।

ਅਕਾਲੀ ਜੀ ਉਹਨਾਂ ਆਦਮੀਆਂ ਨੂੰ ਲੜਕੀ ਦੇ ਗਹਿਣੇ ਲਾਹੁਣੋਂ ਰੋਕਦੇ ਹਨ ਪਰ ਉਹ ਨਹੀਂ ਰੁਕਦੇ। ਇਧਰ ਅਕਾਲੀ ਜੀ ਇਹ ਬਰਦਾਸ਼ਤ ਨਹੀਂ ਕਰਦੇ। ਉਹ "ਸਵਾ ਲਾਖ ਸੇ ਏਕ ਲੜਾਊਂ" ਆਖਣ ਵਾਲੇ ਸਚੇ ਪਾਤਸ਼ਾਹ ਦੇ ਚਰਨਾਂ ਦਾ ਧਿਆਨ ਧਰ ਕੇ ਹਥ ਵਿਚਲੇ ਦੋ ਫੁਟ ਦੇ ਡੰਡੇ ਨਾਲ ਲੜਕੀ ਨੂੰ ਫੜੀ ਬੈਠੇ ਗੁੰਡਿਆਂ ਨੂੰ ਕੁੱਟਣਾ ਸ਼ੁਰੂ ਕਰ ਦਿੰਦੇ ਹਨ।

ਜਦ ਉਨ੍ਹਾਂ ਵਿਚੋਂ ਕੁਝ ਕੁ, ਛੁਰਿਆਂ ਨਾਲ ਅਕਾਲੀ ਜੀ ਉਤੇ ਵਾਰ ਕਰਨ ਲਈ ਤਿਆਰ ਹੋਏ ਤਾਂ ਸਿੰਘ ਜੀ ਨੇ ਪੈਂਤੜਾ ਬਦਲ ਕੇ ਬੜੀ ਫੁਰਤੀ ਨਾਲ ਆਪਣੀ ਕਿਰਪਾਨ ਮਿਆਨ ਵਿਚੋਂ ਕਢ ਲਈ ਤੇ ਗਤਕੇ ਦੇ ਹੁਨਰ ਨਾਲ ਕਿਸੇ ਨੂੰ ਨੇੜੇ ਨ ਆਉਣ ਦਿੱਤਾ। ਸਗੋਂ ਕਈਆਂ ਨੂੰ ਕ੍ਰਿਪਾਨ ਨਾਲ ਜਖਮੀ ਵੀ ਕਰ ਦਿੱਤਾ, ਜਿਸ ਕਾਰਨ ਬਾਕੀ ਘਰਕ ਗਏ ਤੇ ਦੌੜ ਗਏ।

ਅਕਾਲੀ ਜੀ ਦਰਖਤ ਨਾਲ ਬਧੇ ਨੌਜਵਾਨ ਨੂੰ ਖੋਲ੍ਹਦੇ

ਹਨ ਜੋ ਉਸ ਲੜਕੀ ਦਾ ਪਤੀ ਸੀ। ਸੈਰ ਕਰਨ ਆਏ ਇਨ੍ਹਾਂ ਪਤੀ-ਪਤਨੀ ਨੂੰ ਉਨ੍ਹਾਂ ਬਦਮਾਸ਼ਾਂ ਨੇ ਕਾਬੂ ਕਰ ਲਿਆ ਸੀ।

ਉਹ ਦੋਵੇਂ ਲੜਕੀ ਨੂੰ ਉਠਾਂਦੇ ਹਨ ਜੋ ਡਰ ਕਾਰਨ ਡੌਰ-ਭੌਰ ਹੋਈ ਨੀਮ-ਬੇਹੋਸ਼ੀ ਵਿਚ ਆਖੀ ਜਾ ਰਹੀ ਸੀ- ''ਮਾਰ ਦੇਣਗੇ- ਮਾਰ ਦੇਣਗੇ''

ਅਕਾਲੀ ਜੀ ਲੜਕੀ ਨੂੰ ਦਿਲਾਸਾ ਦੇਂਦੇ ਹੋਏ ਹੌਂਸਲਾ ਬੰਨ੍ਹਾਂਦੇ ਆਖਦੇ ਹਨ, ''ਬੇਟਾ! ਉਹ ਚਲੇ ਗਏ, ਉਠ ਘਰ ਚਲੀਏ।'' ਆਖਰ ਲੜਕੀ ਉਠਦੀ ਹੈ ਤੇ ਉਹ ਤਿੰਨੇ ਸਿਪਰੀ ਨੂੰ ਤੁਰ ਪੈਂਦੇ ਹਨ। ਅਗੇ ਗੁਰਦੁਆਰਾ ਬੰਦ ਸੀ ਤੇ ਬੂਹਾ ਖੜਕਾਉਣ ਤੇ ਵੀ ਜਦ ਨਾ ਖੋਲ੍ਹਿਆ ਗਿਆ ਤਾਂ ਉਹ ਤਿੰਨੇ (ਲੜਕੀ ਲੜਕੇ ਦੇ) ਘਰ ਨੂੰ ਤੁਰ ਪੈਂਦੇ ਹਨ। ਘਰ ਵਾਲਿਆਂ ਨੂੰ ਜਦ ਲੜਕੀ-ਲੜਕੇ ਵਾਲਿਆਂ ਨਾਲ ਵਾਪਰੀ ਮੁਸੀਬਤ ਦਾ ਪਤਾ ਲਗਦਾ ਹੈ ਅਤੇ ਜਦ ਅਕਾਲੀ ਜੀ ਦੀ ਸਹਾਇਤਾ ਅਤੇ ਸੂਰਬੀਰਤਾ ਦੀ ਗੱਲ ਉਹਨਾਂ ਦੇ ਸਾਹਮਣੇ ਹੀ ਹੋਈ ਤਾਂ ਅਕਾਲੀ ਜੀ ਉਸ ਘਰ ਵਿਚ ਹੁਣ ਅਟਕਣਾ ਹੀ ਨਹੀਂ ਚਾਹੁੰਦੇ। ਉਹ ਫਿਰ ਗੁਰਦੁਆਰੇ ਆ ਜਾਂਦੇ ਹਨ ਪਰ ਬੂਹਾ ਫਿਰ ਵੀ ਨਹੀਂ ਖੁਲ੍ਹਦਾ। ਇਸ ਤਰ੍ਹਾਂ ਅਕਾਲੀ ਜੀ ਸਰਦੀ ਦੀ ਸਾਰੀ ਰਾਤ ਜਾਗਦਿਆਂ ਬਾਹਰ ਹੀ ਕਟਦੇ ਹਨ।

ਦਿਨ ਚੜ੍ਹਦਿਆਂ ਜਦ ਗੁਰਦੁਆਰਾ ਖੁਲ੍ਹਿਆ ਤਾਂ ਇਹ

ਥਕੇ-ਮਾਂਦੇ ਅੰਦਰ ਲੇਟ ਜਾਂਦੇ ਹਨ। ਉਧਰ ਲੜਕੀ ਦੇ ਘਰ ਵਾਲੇ, ਆਂਢ-ਗੁਆਂਢ ਤੇ ਪੁਲੀਸ ਨੂੰ ਇਤਲਾਹ ਦੇਂਦੇ ਤੇ ਅਕਾਲੀ ਜੀ ਦੀ ਸੂਰਮਗਤੀ ਦੀ ਕਰਾਮਾਤ ਕਰ ਵਿਖਾਣ ਦਾ ਲੋਕਾਂ ਅੱਗੇ ਵਰਣਨ ਕਰਦੇ ਹਨ।

ਸ਼ਹਿਰ ਦੇ ਲੋਕੀਂ ਇਕੱਠੇ ਹੁੰਦੇ ਹਨ। ਪੁਲਿਸ ਸੁਪਰਨਟੈਂਡੈਂਟ ਨੂੰ ਨਾਲ ਲੈ ਕੇ ਲੜਕੀ ਲੜਕੇ ਸਮੇਤ ਅਕਾਲੀ ਜੀ ਨੂੰ ਢੂੰਡਦੇ ਗੁਰਦੁਆਰੇ ਪਹੁੰਚਦੇ ਹਨ। ਲੜਕੀ ਨੂੰ ਐਸ.ਪੀ. ਪੁੱਛਦਾ ਹੈ "ਕਿਹੜਾ ਆਦਮੀ ਹੈ ਜਿਸ ਨੇ ਤੈਨੂੰ ਡਾਕੂਆਂ ਤੋਂ ਬਚਾਇਆ ਹੈ?" ਸੁਣਕੇ ਲੜਕੀ ਅਕਾਲੀ ਜੀ ਦੇ ਗਲ ਨਾਲ ਚਮੁਟ ਜਾਂਦੀ ਹੈ ਤੇ ਕਹਿੰਦੀ ਹੈ ਕਿ ਇਹ ਮੇਰੇ ਬਾਪੂ ਜੀ ਹਨ, ਇਨ੍ਹਾਂ ਨੇ ਹੀ ਮੈਨੂੰ ਬਚਾਇਆ ਹੈ।"

ਸ਼ਹਿਰ ਦੇ ਲੋਕੀਂ ਪੰਜ ਸੌ ਰੁਪਿਆ ਇਕੱਠਾ ਕਰਕੇ ਅਕਾਲੀ ਜੀ ਦੀ ਭੇਟ ਕਰਦੇ ਹਨ ਪਰ ਉਹ ਲੈਣ ਤੋਂ ਇਨਕਾਰ ਕਰਦੇ ਹਨ। ਐਸ.ਪੀ. ਤੇ ਸ਼ਹਿਰ ਦੇ ਹੋਰ ਮੁਖੀ ਲੋਕ ਜਦ ਜ਼ੋਰ ਪਾਉਂਦੇ ਹਨ ਤਾਂ ਆਪ ਇਸ ਭੇਟਾ ਨੂੰ ਮੱਥੇ ਨਾਲ ਲਾ ਕੇ ਸ੍ਰੀ ਗੁਰੂ ਸਿੰਘ ਸਭਾ ਸਿਪਰੀ ਦੀ ਭੇਟਾ ਕਰ ਦਿੰਦੇ ਹਨ।

ਇਸ ਉਦਾਰਤਾ ਤੇ ਨਿਰਲਾਲਚ ਹੋਣ ਤੇ ਐਸ.ਪੀ ਬੜਾ ਪ੍ਰਭਾਵਤ ਹੋਇਆ ਤੇ ਉਹ ਅਕਾਲੀ ਜੀ ਨੂੰ ਕਹਿਣ ਲੱਗਾ ਕਿ ਤੁਸੀਂ ਕੋਈ ਕੰਮ ਨ ਕਰੋ, ਸ਼ਹਿਰ ਵਿਚ ਜਿਥੇ

ਮਰਜ਼ੀ ਘੁੰਮੋ ਫਿਰੋ, ਸਰਕਾਰ ਤੁਹਾਨੂੰ ੩੦੦/- ਮਹੀਨਾ ਦੇਵੇਗੀ। (ਇਹ ੧੯੬੩ ਦੀ ਗੱਲ ਹੈ)

ਪਰ ਅਕਾਲੀ ਜੀ ਅੱਗੋਂ ਆਖਦੇ ਹਨ - 'ਮੈਂ ਨੌਕਰੀ ਆਪਣੇ ਗੁਰੂ, ਅੰਮ੍ਰਿਤ ਛਕਾ ਕੇ ਗਿਦੜਾਂ ਨੂੰ ਸ਼ੇਰ ਬਨਾਉਣ ਵਾਲੇ ਕਲਗੀਧਰ ਪਾਤਸ਼ਾਹ ਤੋਂ ਬਿਨਾਂ ਹੋਰ ਕਿਸੇ ਦੀ ਨਹੀ ਕਰਦਾ।' ਤਾਂ ਐਸ.ਪੀ. ਤੇ ਸ਼ਹਿਰ ਦੇ ਹੋਰ ਪਤਵੰਤੇ ਬੜੇ ਹੈਰਾਨ ਹੋਏ। ਸਿੱਖਾਂ ਦੀ, ਗੁਰੂ ਸਾਹਿਬਾਨ ਦੀ ਤੇ ਨਿਹੰਗ ਸਿੰਘ ਜੀ ਦੀ ਹੋਰ ਪ੍ਰਸੰਸਾ ਕਰਦੇ ਹਨ। ਪਰ ਨਿਹੰਗ ਸਿੰਘ ਜੀ (ਆਪਣੀ ਉਸਤਤ ਸੁਣਦੇ ਸਾਰ) ਉਸੇ ਵੇਲੇ ਉਸ ਸ਼ਹਿਰ ਤੋਂ ਹੀ ਤੁਰ ਜਾਂਦੇ ਹਨ।

ਸਿਪਰੀ ਸ਼ਹਿਰ ਦੇ ਲੋਕ ਤੇ ਪੁਲੀਸ ਦੇ ਜ਼ਿਲ੍ਹੇ ਦੇ ਸਾਰੇ ਅਫ਼ਸਰ, ਅਕਾਲੀ ਜੀ ਦੀ ਇਸ ਕੁਰਬਾਨੀ, ਬਹਾਦਰੀ ਦਲੇਰੀ ਤੇ ਸਿਮਰਨ ਦੀ ਸ਼ਕਤੀ ਤੋਂ ਉਨ੍ਹਾਂ ਨੂੰ ਕੋਈ ਪੂਰਨ ਪੁਰਸ਼ ਜਾਣਦੇ ਹਨ ਅਤੇ ਅੱਜ ਅਠ ਸਾਲ ਬੀਤ ਜਾਣ ਤੇ (ਜਦੋਂ ਇਹ ਵਾਰਤਾ ਸ: ਚੰਦਾ ਸਿੰਘ ਜੀ ਰਾਏ ਬਰੇਲੀ ਵਾਲਿਆਂ ਨੇ ਲੇਖਕ ਨੂੰ ਲਿਖੀ) ਉਥੋਂ ਦੇ ਲੋਕਾਂ ਦੇ ਦਿਲ ਵਿਚ ਸਿੱਖਾਂ ਦੀ, ਅਕਾਲੀਆਂ ਦੀ ਤੇ ਇਨ੍ਹਾਂ ਦੇ ਗੁਰੂਆਂ ਦੀ ਯਾਦ ਹਾਲਾਂ ਤਕ ਮੌਜੂਦ ਹੈ।

ਪਰਮ ਸਤਿਕਾਰ ਯੋਗ ਖਾਲਸਾ ਜੀ! ਅਤੇ ਸਿੱਖ ਪੰ

ਦੇ ਲੀਡਰ ਸਾਹਿਬਾਨ !!

ਗੁਰੂ ਕਲਗੀਧਰ ਪਾਤਸ਼ਾਹ ਨੇ ਇਸ ਸੰਸਾਰ ਵਿਚ ਆਉਣ ਦਾ ਆਪਣਾ ਉਦੇਸ਼ ਇਸ ਤਰ੍ਹਾਂ ਲਿਖਿਆ ਹੈ :-

*ਹਮ ਇਹ ਕਾਜ ਜਗਤ ਮੋ ਆਏ,*
*ਧਰਮ ਹੇਤ ਗੁਰਦੇਵ ਪਠਾਏ ॥*

ਇਸ ਮਹਾਂਵਾਕ ਅਨੁਸਾਰ, ਆਪਣੇ ਗੁਰੂ ਦੇ ਉਦੇਸ਼ ਨੂੰ ਸਾਹਮਣੇ ਰਖਦੇ ਹੋਏ, ਹੋਰ ਝਗੜੇ ਝਾਂਜੇ ਛਡ ਕੇ ਜੇ ਅਸੀਂ ਆਪ ਧਰਮੀ ਬਣਨ ਦੇ ਨਾਲ ਧਰਮ ਪ੍ਰਚਾਰ ਨੂੰ ਪਹਿਲ ਦਈਏ ਤਾਂ ਅਸੀਂ ਸਹੀ ਅਰਥਾਂ ਵਿਚ ਗੁਰਸਿਖ, ਸਹੀ ਅਰਥਾਂ ਵਿਚ ਅਕਾਲੀ ਅਤੇ ਖਾਲਸਾ ਕਹਾਉਣ ਯੋਗ ਹੋ ਸਕਦੇ ਹਾਂ। ਪਰ ਧਰਮ ਨੂੰ ਆਪ ਗ੍ਰਹਿਣ ਕਰਨ ਤੇ ਹੋਰਨਾਂ ਨੂੰ ਕਰਾਉਣ ਦਾ ਮੁਢਲਾ ਜ਼ਰੂਰੀ ਫਾਰਮੂਲਾ ਹਮੇਸ਼ਾਂ ਯਾਦ ਰਹਿਣ ਵਾਲਾ ਜੇ ਸਾਨੂੰ ਯਾਦ ਹੈ ਤਾਂ ਠੀਕ, ਨਹੀਂ ਤਾਂ ਆਓ ! ਇਹ ਗੁਰਵਾਕ ਦ੍ਰਿੜ੍ਹ ਕਰੀਏ :-

*ਪ੍ਰਥਮੈ ਮਨੁ ਪਰਬੋਧੈ ਆਪਨਾ*
*ਪਾਛੈ ਅਵਰ ਰੀਝਾਵੈ । (੩੮੧)*

ਕਿਉਂਕਿ ਹੁਕਮ ਹੈ :-

*ਅਵਰ ਉਪਦੇਸੈ, ਆਪ ਨ ਕਰੈ ।*
*ਆਵਤ ਜਾਵਤ ਜਨਮੈ ਮਰੈ ॥*

* * *

## 2

ਦਿੱਲੀ ਜੰਕਸ਼ਨ ਉਤੇ ਟਿਕਟਾਂ ਲੈਣ ਵਾਲੀ ਬਾਰੀ ਅੱਗੇ ਦੂਰ ਤੱਕ ਟਿਕਟਾਂ ਲੈਣ ਵਾਲਿਆਂ ਦੀ ਲਾਈਨ ਲੱਗੀ ਹੋਈ ਸੀ। ਜਦ ਬਾਰੀ ਖੁੱਲ੍ਹੀ ਤਾਂ ਉਹਦੇ ਅੱਗੇ ਖਲੋਤਾ ਇਕ ਹਿੰਦੂ ਵੀਰ, ਜਦੋਂ ਟਿਕਟ ਲੈਣ ਲੱਗਾ, ਉਹਦੇ ਕੋਲੋਂ ਤਿੰਨ ਰੁਪਏ ਘੱਟ ਨਿਕਲੇ। ਕਿਉਂਕਿ ਦਿਨੇ ਉਹ ਕਈ ਚੀਜ਼ਾਂ ਖਰੀਦਦਾ-ਖਰਚਦਾ ਤੇ ਖਾਂਦਾ ਪੀਂਦਾ ਰਹਿਣ ਕਰ ਕੇ ਕਿਰਾਏ ਲਈ ਪੈਸੇ ਰਖਣੇ ਭੁਲ ਗਿਆ ਸੀ।

ਟਿਕਟ ਦੇਣ ਵਾਲੇ ਬਾਬੂ ਨੇ ਉਸ ਨੂੰ ਕਿਹਾ ਕਿ ਜੇ ਪੈਸੇ ਪੂਰੇ ਨਹੀਂ ਤਾਂ ਬਾਰੀ ਅੱਗੋਂ ਹਟ ਜਾਓ ਅਤੇ ਦੂਜੇ ਮੁਸਾਫਰਾਂ ਨੂੰ ਟਿਕਟ ਲੈਣ ਦਿਓ। ਪਰ ਉਸ ਨੇ ਪਰੇਸ਼ਾਨ ਜਿਹਾ ਹੋ ਕੇ ਪਿਛੇ ਖੜੋਤੇ ਇਕ ਸਿੱਧੇ ਸਾਧਾਰਨ ਜਿਹੇ ਸਿਖ ਵਲ ਵੇਖਿਆ ਜੋ ਉਸ ਦੀ ਤੇ ਬਾਬੂ ਦੀ ਵਾਰਤਾ ਸੁਣ ਰਿਹਾ ਸੀ।

ਉਹ ਸਿੱਖ ਉਸ ਦੀ ਉਦਾਸੀ ਵਾਲੀ ਤਕਣੀ ਨੂੰ ਵੇਖ ਕੇ ਦਰਦਵੰਦ ਜਿਹਾ ਹੋ ਗਿਆ ਤੇ ਆਪਣੇ ਹੱਥ ਵਿਚ ਫੜਿਆ ਦਸ ਦਾ ਨੋਟ ਉਸ ਨੂੰ ਫੜਾਉਂਦਿਆਂ ਕਹਿਣ ਲੱਗਾ ਕਿ ਤੁਸੀਂ ਟਿਕਟ ਲੈ ਲਓ।

ਉਸ ਦੇ ਮਗਰੋਂ ਜਦ ਸਰਦਾਰ ਆਪਣੀ ਟਿਕਟ ਲੈ

ਕੇ ਪਿਛੇ ਮੁੜਿਆ ਤਾਂ ਹਿੰਦੂ ਵੀਰ ਹੱਥ ਵਿਚ ਸੱਤ ਰੁਪਏ ਪਕੜੇ ਹੋਏ ਉਸ ਨੂੰ ਧੰਨਵਾਦ ਸਹਿਤ ਜਦ ਮੋੜਨ ਲੱਗਾ ਤਾਂ ਸਰਦਾਰ ਨੇ ਕਿਹਾ :-

"ਭਰਾ ਜੀ ! ਤੁਹਾਡੇ ਕੋਲ ਪੈਸੇ ਜੁ ਨਹੀਂ, ਟਿਕਟ ਤੁਸਾਂ ਕਾਨਪੁਰ ਦੀ ਲਈ ਹੈ, ਲੰਮੇ ਸਫਰ ਦੇ ਖਰਚ ਲਈ ਲੋੜ ਪੈਣਗੇ ਸੋ ਤੁਸੀਂ ਇਹ ਪੈਸੇ ਰਖ ਲਓ।"

ਸਰਦਾਰ ਦੀ ਉਦਾਰੁਤਾ ਤੇ ਹਮਦਰਦੀ ਅੱਗੇ ਉਸ ਹਿੰਦੂ ਵੀਰ, ਰਜਿੰਦਰ ਕੁਮਾਰ ਨੇ ਹੱਥ ਜੋੜੇ ਤੇ ਸੱਤ ਰੁਪਏ ਜੇਬ ਵਿਚ ਪਾ ਕੇ ਪੁਛਿਆ, "ਆਪ ਦਾ ਨਾਂ ਕੀ ਹੈ ਤੇ ਘਰ ਕਿਥੇ ਹੈ ?" "ਮੇਰਾ ਘਰ ਤੇ ਨਾਂ ਪੁਛਣ ਦੀ ਆਪ ਜੀ ਨੂੰ ਇਸ ਵੇਲੇ ਕੀ ਲੋੜ ਪੈ ਗਈ ?" ਸਰਦਾਰ ਨੇ ਕਿਹਾ।

ਰੁਪਏ ਮਨੀ ਆਰਡਰ ਤੁਹਾਨੂੰ ਕਰਾਂਗਾ।"

ਨਹੀਂ, ਨਹੀਂ, ਇਹ ਸਭ ਰੁਪਏ ਦਾਤਾਰ ਵਾਹਿਗੁਰੂ ਦੇ ਦਿੱਤੇ ਹੋਏ ਆਪ ਤੇ ਮੇਰੇ ਸਾਂਝੇ ਹੀ ਹਨ। ਇਹ ਵਾਪਸ ਨਹੀਂ ਕਰਨੇ।"

"ਸਰਦਾਰ ਜੀ ! ਕੁਝ ਵੀ ਹੋਵੇ, ਤੁਸੀਂ ਮੈਨੂੰ ਆਪਣਾ ਨਾਂ ਤੇ ਪਤਾ ਜ਼ਰੂਰ ਦੱਸੋ।"

"ਮੇਰਾ ਨਾਂ ਸੁਜਾਨ ਸਿੰਘ ਹੈ ਤੇ ਮੰਡੀ ਡੱਬਵਾਲੀ ਰਾਜਸਥਾਨ ਵਿਚ ਰਹਿੰਦਾ ਹਾਂ।"

"ਆਪ ਕੀ ਕੰਮ ਕਰਦੇ ਹੋ ?"

"ਛੋਲੇ ਕੁਲਚਿਆਂ ਦੀ ਛਾੜਬੀ ਲਾਉਂਦਾ ਹਾਂ।" ਸਰਦਾਰ ਨੇ ਉੱਤਰ ਦੇਂਦਿਆਂ ਕਿਹਾ।

ਰਾਜਿੰਦਰ ਨੇ ਸੁਜਾਨ ਸਿੰਘ ਨੂੰ ਪਿਆਰ ਸਤਿਕਾਰ ਨਾਲ ਜਫ਼ੀ ਵਿਚ ਲੈਂਦਿਆਂ ਕਿਹਾ, "ਓਇ ਅਮੀਰ ਦਿਲ ਵਾਲੇ ਮੇਰੇ ਗਰੀਬ ਵੀਰ! ਮੈਂ ਕੁਰਬਾਨ ਹਾਂ ਤੇਰੀ ਉਦਾਰ੍ਤਾ ਤੋਂ, ਤੇਰੀ ਸ਼ਰਾਫ਼ਤ ਤੇ ਹਮਦਰਦੀ ਤੋਂ ਸਦਕੇ ਹਾਂ।" ਇਸ ਤਰ੍ਹਾਂ ਕਹਿੰਦਿਆਂ ਰਾਜਿੰਦਰ ਭਰੀਆਂ ਅੱਖਾਂ ਨਾਲ ਗੱਡੀ ਚੜ੍ਹ ਗਿਆ।

ਮਹੀਨਾ ਦੋ ਮਹੀਨੇ ਲੰਘ ਗਏ। ਰਾਜਿੰਦਰ ਨੇ ਮਨੀ ਆਰਡਰ ਨਾ ਕੀਤਾ। ਉਹ ਚੰਗਾ ਕਾਰੋਬਾਰ ਵਾਲਾ ਸੀ, ਪੈਸੇ ਦੀ ਉਸ ਨੂੰ ਕੋਈ ਘਾਟ ਨਹੀਂ ਸੀ। ਦਰਅਸਲ ਉਹਦਾ ਦਿਲ ਕਰਦਾ ਸੀ ਕਿ ਇਕ ਵਾਰ ਉਹ ਸੁਜਾਨ ਸਿੰਘ ਨੂੰ ਫਿਰ ਮਿਲੇ। ਸੋ ਇਕ ਦਿਨ ਉਹ ਸੁਜਾਨ ਸਿੰਘ ਨੂੰ ਮਿਲਣ ਲਈ ਮੰਡੀ ਡੱਬਵਾਲੀ ਤੁਰ ਪਿਆ। ਡਬਵਾਲੀ ਸਟੇਸ਼ਨ ਤੋਂ ਜਦ ਉਹ ਸ਼ਹਿਰ ਵਲ ਜਾ ਰਿਹਾ ਸੀ ਕਿ ਰਸਤੇ 'ਚ ਇਕ ਪਾਸੇ, ਕੁਲਚੇ ਛੋਲਿਆਂ ਦੀ ਛਾਬੜੀ ਲਾਈ ਬੈਠਾ ਸੁਜਾਨ ਸਿੰਘ ਉਸ ਨੂੰ ਦਿਸ ਪਿਆ। ਸੁਜਾਨ ਸਿੰਘ ਕੋਲ ਗਾਹਕਾਂ ਦੀ ਕਾਫੀ ਭੀੜ ਸੀ।

ਜਦ ਕੁਲਚੇ ਛੋਲੇ ਖਾਣ ਵਾਲਿਆਂ ਦੀ ਭੀੜ ਘਟੀ ਤਾਂ ਰਾਜਿੰਦਰ ਨੇ ਅੱਗੇ ਹੋ ਕੇ ਉਸ ਅੱਗੇ ਹੱਥ ਜੋੜੇ। ਅੱਗੋਂ ਸੁਜਾਨ ਸਿੰਘ ਨੇ ਵੀ ਬੜੇ ਆਦਰ ਨਾਲ ਹੱਥ ਜੋੜ ਦਿਤੇ, ਪਰ ਦੋਹਾਂ ਵਿਚੋਂ ਕਿਸੇ ਵੀ ਕਹਿਆ-ਸੁਣਿਆ ਕੁਝ ਨਾ। ਘਟ ਕੁ ਮਗਰੋਂ ਰਜਿੰਦਰ ਨੇ ਕਿਹਾ। "ਵੀਰ ਜੀ ! ਮੈਨੂੰ ਪਛਾਤਾ ਜੇ ਕਿ ਨਹੀਂ ?"

"ਨਹੀਂ ਜੀ, ਮੈਂ ਨਹੀਂ ਪਛਾਣ ਸਕਿਆ, ਤੁਸੀਂ ਆਪ ਹੀ ਦਸ ਦਿਓ।" ਸੁਜਾਨ ਸਿੰਘ ਨੇ ਰਾਜਿੰਦਰ ਵਲ ਗਹੁ ਨਾਲ ਵੇਖਦਿਆਂ ਆਖਿਆ।

ਇਹ ਸੁਣ ਕੇ ਰਾਜਿੰਦਰ ਬੜੀ ਹੈਰਾਨੀ ਨਾਲ ਸੋਚਣ ਲੱਗਾ, ਇਹ ਨਿਸ਼ਕਾਮਤਾ, ਇਹ ਦਰਦਵੰਦੀ, ਭਲਾ ਕਰ ਕੇ ਵੀ ਭੁਲਾ ਦੇਣਾ, ਇਹ ਕਿਹੋ ਜਿਹੀ ਸ਼ਖਸੀਅਤ ਨਾਲ ਮੇਰਾ ਵਾਹ ਪੈ ਰਿਹਾ ਹੈ ?

ਸੁਜਾਨ ਸਿੰਘ ਆਪਣੇ ਗਾਹਕਾਂ ਨੂੰ ਭੁਗਤਾਂਦਾ ਰਿਹਾ ਤੇ ਰਾਜਿੰਦਰ ਉਸ ਕੋਲ ਬੈਠਾ ਉਸਦੇ ਅੰਦਰ-ਬਾਹਰ ਦਾ ਇਕੋ ਜਿਹਾ ਵਰਤਾਰਾ, ਉਸ ਦੀ ਹਰ ਇਕ ਹਰਕਤ, ਉਸ ਦੇ ਪ੍ਰੇਮ ਭਰੇ ਬੋਲ ਸੁਣਦਾ-ਜਾਚਦਾ ਤੇ ਪਰਖਦਾ ਰਿਹਾ।

ਸੁਜਾਨ ਸਿੰਘ ਪੂਰੇ ਸੁਚਮ ਸੰਜਮ, ਸੰਕੋਚ ਤੇ ਸਭਯ ਸ਼ਬਦਾਂ ਨਾਲ ਆਪਣੇ ਗਾਹਕਾਂ ਨਾਲ ਵਰਤਾਓ ਕਰ ਰਿਹਾ

ਸੀ। ਰਾਜਿੰਦਰ ਨੂੰ ਉਹ ਸਚੀ ਮੁਚੀ 'ਗੁਣ ਚੰਗਿਆਈਆ ਤਤੁ' ਦੀ 'ਮਿਠਤੁ ਨੀਵੀਂ' ਦਾ ਨਮੂਨਾ ਜਾਪ ਰਿਹਾ ਸੀ।

ਇਨੇ ਨੂੰ ਦੋ ਪੜ੍ਹੇ ਲਿਖੇ, ਸੂਟਿਡ-ਬੂਟਿਡ ਨੌਜਵਾਨ ਸੁਜਾ ਸਿੰਘ ਕੋਲੋਂ ਕੁਲਚੇ-ਛੋਲੇ ਲੈ ਕੇ ਜਦ ਖਾਣ ਲੱਗੇ ਤਾਂ ਰੇ ਤੋਂ ਉਤਰੀ ਇਕ ਬੀਬੀ, ਜਿਸ ਨੇ ਇਕ ਬਾਲ ਕੁਛੜ ਚੁੱਕਿਆ ਹੋਇਆ ਸੀ ਤੇ ਦੂਜਾ ਉਂਗਲੀ ਲਾਇਆ ਹੋਇਆ ਸੀ, ਅ ਗਈ। ਉਸ ਬੀਬੀ ਨੇ ਦਸ ਪੈਸੇ ਸੁਜਾਨ ਨੂੰ ਦੇਂਦਿਆ ਕਿਹਾ

"ਵੀਰਾ! ਇਕ ਕੁਲਚਾ ਤੇ ਛੋਲੇ ਮੈਨੂੰ ਵੀ ਦੇਹ!"

"ਭੈਣਾ ਪੰਜ ਪੈਸੇ ਹੋਰ ਦੇਹ।"

"ਵੀਰਾ, ਮੇਰੇ ਕੋਲ ਤਾਂ ਹੋਰ ਪੈਸੇ ਹੈ ਨਹੀਂ।" ਬਿ ਹੋਰ ਪੰਜ ਪੈਸੇ ਲਏ ਦੇ, ਸੁਜਾਨ ਸਿੰਘ ਨੇ ਕੁਲਚਾ ਤੇ ਛੋ ਉਹਨੂੰ ਦੇ ਦਿੱਤੇ।

ਕੁਲਚਾ ਲੈ ਕੇ ਬੀਬੀ ਕੁਛੜ ਚੁਕੇ ਮੁੰਡੇ ਨੂੰ ਖਵਾਉ ਲਗ ਪਈ। ਉਸਦਾ ਉਂਗਲੀ ਲੱਗਾ, ਮੁੰਡਾ, ਪਹਿਲਾਂ ਰੋ ਲਗ ਪਿਆ ਤੇ ਫਿਰ ਜ਼ਮੀਨ ਉਤੇ ਲੇਟਣ ਲਗ ਪਿਆ ਸੁਜਾਨ ਸਿੰਘ ਨੇ ਇਕ ਕੁਲਚਾ ਤੇ ਛੋਲੇ ਦੂਜੇ ਮੁੰਡੇ ਲਈ ਬੀਬੀ ਨੂੰ ਦੇ ਦਿਤੇ।

ਬੀਬੀ ਨੇ ਕਿਹਾ, "ਵੀਰਾ, ਮੈਂ ਪਹਿਲੋਂ ਵੀ ਦੱਸਿਆ ਹੈ ਕਿ ਮੇਰੇ ਕੋਲ ਹੋਰ ਪੈਸੇ ਹੈ ਨਹੀਂ।"

''ਕੋਈ ਨਹੀਂ ਭੈਣਾ, ਬਚਾ ਜੁ ਹੋਇਆ। ਬਚੇ ਸਾਰਿਆਂ ਦੇ ਸਾਂਝੇ ਹੁੰਦੇ ਹਨ।'' ਸੁਜਾਨ ਸਿੰਘ ਨੇ ਆਖਿਆ।

ਕੁਲਚੇ ਖਾਂਦੇ ਦੋਵੇਂ ਜੰਟਲ ਮੈਨ ਆਪਸ ਵਿਚ ਅੰਗ੍ਰੇਜ਼ੀ ਵਿਚ ਗੱਲਾਂ ਕਰਨ ਲੱਗ ਪਏ। ਇਕ ਨੇ ਦੂਜੇ ਨੂੰ ਕਿਹਾ, ''ਭਾਈ ਛਾਬੜੀ ਵਾਲਾ ਤਾਂ ਬੜਾ ਚੰਗਾ ਹੈ।''

ਇਹ ਸੁਜਾਨ ਸਿੰਘ ਨੇ ਸੁਣ ਲਿਆ ਤੇ ਅੰਗਰੇਜ਼ੀ ਵਿਚ ਹੀ ਉਨ੍ਹਾਂ ਨੋਜਵਾਨਾਂ ਨੂੰ ਆਖਿਆ :-

''ਸਰਦਾਰ ਜੀ ! ਚੰਗਿਆਂ ਨੂੰ ਸਭ ਚੰਗੇ ਹੀ ਦਿਸਦੇ ਹੁੰਦੇ ਹਨ।''

''ਦੂਜੇ ਨੇ ਕਿਹਾ :- ''ਵਾਹ ਬੜਾ ਹੀ ਮੁਨਾਸਬ ਤੇ ਸਭਯ ਜਵਾਬ ਹੈ। ਤੇ ਫਿਰ ਹੈਰਾਨੀ ਇਹ ਕਿ ਇਤਨੀ ਚੰਗੀ ਤਰ੍ਹਾਂ ਅੰਗਰੇਜ਼ੀ ਜਾਣਨ ਵਾਲਾ, ਇਹ ਸਰਦਾਰ ਛਾਬੜੀ ਵੇਚਦਾ ਹੈ।''

ਸੁਜਾਨ ਸਿੰਘ ਫਿਰ ਬੋਲ ਉਠਿਆ ''ਸਰਦਾਰ ਜੀ ਸਾਡੇ ਸਿੱਖਾਂ ਦੇ ਵਿਧਾਨ ਵਿਚ ਇਹ ਸਭਯ ਤੇ ਮੁਨਾਸਬ ਜੁਆਬ ਇਸੇ ਤਰ੍ਹਾਂ ਹੀ ਲਿਖਿਆ ਹੋਇਆ ਹੈ, ਮੈਂ ਆਪਣੇ ਕੋਲੋਂ ਕੁਝ ਨਹੀਂ ਕਿਹਾ। ਜਿਵੇਂ :-

*''ਆਪ ਭਲਾ, ਸਭ ਜਗ ਭਲਾ,*
*ਭਲਾ ਸਭ ਕੋ ਅਵਰੇਖੇ।''*

''ਆਪ ਬੁਰਾ, ਸਭ ਜਗ ਬੁਰਾ,

ਸਭ ਕੋ ਬੁਰਾ, ਬੁਰੇ ਦੇ ਲੇਖੇ ।'' (ਭਾ: ਗੁਰਦਾਸ ਜੀ)

''ਵਾਹ-ਵਾਹ, ਸਰਦਾਰ ਜੀ ! ਕਮਾਲ ਕਰ ਦਿਤੀ ਜੇ '' ਕਹਿੰਦੇ ਹੋਏ ਉਹ ਦੋਵੇਂ ਨੌਜਵਾਨ ਚਲੇ ਗਏ ।

ਬੀਬੀ ਵੀ ਤੁਰ ਗਈ । ਰਾਜਿੰਦਰ ਫਿਰ ਸੁਜਾਨ ਸਿੰਘ ਨੂੰ ਪੁਛਣ ਲੱਗਾ :- ''ਸੁਜਾਨ ਸਿੰਘ ਜੀ, ਕੁਝ ਦਿਨ ਹੋਏ ਤੁਸੀਂ ਦਿੱਲੀ ਜੰਕਸ਼ਨ ਤੇ ਕਿਸੇ ਮੁਸਾਫਰ ਨੂੰ ਦਸ ਰੁਪਏ ਟਿਕਟ ਖਰੀਦਣ ਲਈ ਦਿਤੇ ਸਨ ?

ਸੁਜਾਨ ਸਿੰਘ ਇਹ ਸੁਣਕੇ, ਛੇਤੀ ਨਾਲ ਕਹਿਣ ਲਗਾ :- ''ਤੁਸੀਂ ਮੇਰੇ ਉਹ ਵੀਰ ਹੋ, ਮਾਫ਼ ਕਰਨਾ, ਪਹਿਲਾਂ ਮੈਂ ਆਪ ਨੂੰ ਪਛਾਣ ਨਹੀਂ ਸਕਿਆ ।''

ਰਾਜਿੰਦਰ ਨੇ ਦਸ ਦਾ ਨੋਟ ਸੁਜਾਨ ਸਿੰਘ ਵਲ ਵਧਾਇਆ ਪਰ ਅਗੋਂ ਸੁਜਾਨ ਸਿੰਘ ਨੇ ਕਿਹਾ : ''ਨਾਂਹ-ਨਾਂਹ ਜੀ ! ਤੁਸੀਂ ਮੇਰੀ ਇਹ ਖੁਸ਼ੀ ਬਣੀ ਰਹਿਣ ਦਿਉ, ਇਹ ਰੁਪਏ ਤੁਹਾਡੇ, ਮੇਰੇ ਤੇ ਹੋਰ ਲੋੜਵੰਦਾਂ ਦੇ ਸਾਂਝੇ ਹਨ ।''

ਰਾਜਿੰਦਰ ਫਿਰ ਭਰੀਆਂ ਅੱਖਾਂ ਨਾਲ, ਸੁਜਾਨ ਸਿੰਘ ਨੂੰ ਨਿਰਾਸ਼ ਨਾ ਕਰਨ ਦੀ ਖਾਤਰ ਕਹਿਣ ਲੱਗਾ । ''ਮੈਨੂੰ ਫਿਰ ਕੋਈ ਹੋਰ ਸੇਵਾ ਦੱਸੋ ?''

''ਸੇਵਾ'' ਵੀਰ ਜੀ ! ਸੇਵਾ ਇਹੋ ਹੀ ਹੈ ਜੋ ਤੁਸੀਂ ਮੇਰੀ

ਗੱਲ ਮੰਨ ਲਈ ਹੈ। ਮੈਂ ਬਿਨੈ ਕਰਾਂ ਕਿ ਇਕ ਮਹਾਨ ਆਤਮਾ ਆਪਣੀ ਇਕ ਪੁਸਤਕ, ਮਹਾਨ ਕਾਵਿ 'ਰਾਣਾ ਸੂਰਤ ਸਿੰਘ'' ਵਿਚ ਇਸ ਤਰ੍ਹਾਂ ਅੰਕਤ ਕਰ ਗਈ ਹੈ :-

*'ਸੇਵਾ ਜਾਣਹੁ ਆਦਿ ਸਿੱਖੀ ਜੀਣ ਦਾ ॥'*
*'ਸੇਵਾ ਜਾਣਹੁ ਮੱਧ ਸਿੱਖੀ ਧਰਮ ਦਾ ॥'*
*'ਸੇਵਾ ਜਾਣਹੁ ਅੰਤ ਸਿੱਖੀ ਕਰਮ ਦਾ ॥'*

ਸੁਜਾਨ ਸਿੰਘ ਤੋਂ ਭਾਈ ਸਾਹਿਬ ਡਾ: ਵੀਰ ਸਿੰਘ ਜੀ ਦੀਆਂ ਸੇਵਾ ਬਾਰੇ ਇਹ ਲਾਈਨਾਂ ਸੁਣ ਕੇ ਸਹਿਜਧਾਰੀ ਰਾਜਿੰਦਰ ਕੁਮਾਰ ਕਹਿਣ ਲੱਗਾ। ''ਵਾਹ ਵਾਹ ! ਮੇਰੇ ਪਿਆਰੇ ਵੀਰ ਸੁਜਾਨ ਸਿੰਘ ਜੀ, ਤੁਸੀਂ ਤੇ ਮੈਂ ਦੋਵੇਂ ਇਕੋ ਤੀਰ ਦੇ ਵਿੰਨੇ ਹੋਏ ਹਾਂ।'' ਤੇ ਉਹਦਾ ਕੋਮਲ ਹਿਰਦਾ ਫਿਰ ਫਿਸ ਪਿਆ ਤੇ ਨੇਤਰ ਸਜਲ ਹੋ ਗਏ। ਸੁਜਾਨ ਸਿੰਘ ਨੇ ਬੜੇ ਉਤਾਵਲੇ ਹੋ ਕੇ ਪੁੱਛਿਆ :-

''ਕਿਉਂ ਵੀਰ ਜੀ ਕੀ ਗੱਲ ਹੈ ?''

ਰਾਜਿੰਦਰ ਨੇ ਕਿਹਾ ਉਸੀ ਮਹਾਨ ਆਤਮਾ ਦੇ ਕਥਨ ਹਨ :- *ਸੀਨੇ ਖਿਚ ਜਿਨ੍ਹਾਂ ਨੇ ਖਾਧੀ,*
*ਓਹ ਕਰ ਆਰਾਮ ਨਹੀਂ ਬਹਿੰਦੇ।*
*ਨੇਹੁੰ ਵਾਲੇ ਨੈਣਾਂ ਕੀ ਨੀਂਦਰ,*
*ਓਹ ਦਿਨੇ ਰਾਤ ਪਏ ਵਹਿੰਦੇ ॥*

ਪਰ ਮੈਨੂੰ ਇਕ ਗੱਲ ਦੱਸੋ ਕਿ ਤੁਸੀਂ ਏਨੇ ਪੜ੍ਹੇ ਲਿਖੇ ਹੋਕੇ ਛਾਬੜੀ ਕਿਉਂ ਵੇਚਦੇ ਹੋ। ਤੁਹਾਡੀ ਤਾਲੀਮ (ਵਿਦਿਆ) ਕਿਤਨੀ ਹੈ ?

''ਜੀ ਮੈਂ ਬੀ. ਏ. ਹਾਂ। ਬਿਜਲੀ ਦੇ ਦਫ਼ਤਰ ਵਿਚ ਕਲਰਕ ਲੱਗਾ ਸੀ ਪਰ ਉਥੇ ਫਿਟ ਨ ਆ ਸਕਿਆ।

''ਲੋਕਾਂ ਨੂੰ ਕੁਨੈਕਸ਼ਨ ਤੇ ਮਹਿਕਮੇ ਵਲੋਂ ਦਿਤੀਆਂ ਹੋਰ ਰਿਆਇਤਾਂ (ਸਹੂਲਤਾਂ) ਦੇਣ ਲਈ, ਆਪਣੇ ਵਰਗ ਦੇ ਹੀ ਗਰੀਬਾਂ ਦੀ ''ਚਮੜੀ ਉਧੇੜਨੀ'' ਪੈਂਦੀ ਸੀ। ਇਸੇ ਕਰਕੇ ਮੈਂ ਇਸ ਕਲਰਕੀ ਨੂੰ ਮੱਥਾ ਟੇਕ ਆਇਆ ਹਾਂ।'' ਸੁਜਾਨ ਸਿੰਘ ਨੇ ਕਿਹਾ।

ਇਹ ਸੁਣਕੇ ਰਾਜਿੰਦਰ ਕੁਝ ਬੋਲ ਨ ਸਕਿਆ, ਪਰ ਹੋਰ ਦ੍ਰਵ ਗਿਆ। ਉਸ ਸੁਜਾਨ ਸਿੰਘ ਨਾਲ ਹੱਥ ਮਿਲਾਇਆ ਤੇ ਰੇਲਵੇ ਸਟੇਸ਼ਨ ਵਲ ਤੁਰ ਪਿਆ।

## ਗੁਰਸਿੱਖ ਦੇ ਕਰਮ

੧. ਗੁਰਸਿੱਖੀ ਦਾ ਕਰਮ ਇਹ :
ਗੁਰ ਫੁਰਮਾਏ, ਗੁਰਸਿਖ ਕਰਨਾ ॥ (ਭਾ: ਗੁਰਦਾਸ ਜੀ)

੨. ਘਾਲ ਖਾਇ ਸੁਕ੍ਰਿਤ ਕਰੈ
ਵਡਾ ਹੋਇ ਨ ਆਪ ਗਣਾਏ ॥ (ਭਾ: ਗੁਰਦਾਸ ਜੀ)

੩. *ਵਿਚਿ ਦੁਨੀਆ ਸੇਵ ਕਮਾਈਐ*
*ਤਾ ਦਰਗਹ ਬੈਸਣ ਪਾਈਐ ॥* (ਗੁ: ਗ੍ਰੰਥ ਸਾਹਿਬ ਜੀ)

੪. *ਜੋ ਬਾਬੇ ਕੇ ਦਾਮ ਨ ਦੈ ਹੈਂ*
*ਤਿਨ ਤੇ ਗਹਿ ਬਾਬਰ ਕੇ ਲੈ ਹੈਂ ॥* (ਬਚਿਤ੍ਰ ਨਾਟਕ)

ਜੋ ਗੁਰੂ ਦੀ ਆਗਿਆ ਅਨੁਸਾਰ ਦਸਵੰਧ ਨਹੀਂ ਦੇਂਦੇ (ਅਤੇ ਸਿੱਖੀ ਦੇ ਨਿਯਮ ਅਨੁਸਾਰ ਆਪਣਾ ਆਚਰਨ ਠੀਕ ਨਹੀਂ ਰੱਖਦੇ) ਉਹ ਕੁਕਰਮਾਂ ਵਿਚ ਪ੍ਰਵਿਰਤਦੇ ਅਤੇ ਰਾਜ ਦੰਡ ਭੋਗਦੇ ਹਨ।

੫. *ਦਸਵੰਧ ਗੁਰੂ ਨ ਦੇਵਈ, ਝੂਠ ਬੋਲ ਜੋ ਖਾਇ ॥*
*ਕਹੈ ਗੋਬਿੰਦ ਸਿੰਘ ਲਾਲ ਜੀ,*
*ਤਿਸ ਕਾ ਕਿਛੁ ਨ ਬਿਸਾਹਿ ॥ (ਤਨਖਾਹ ਨਾਮਾ)*

੬. *ਸੁਣ ਗੁਰ ਕਹਯੋ, ਕਿਰਤ ਕਰ ਕੋਈ,*
*ਧਰਮ ਸਮੇਤ ਨਿਬਾਹਹੁ ਸੋਈ ॥*
*ਕਪਟ ਬਿਹੀਨ ਜੀਵਕਾ ਕਰੈ*
*ਪਰ ਕੀ ਵਸਤੂ ਛੁਪਾਇ ਨ ਧਰੈ ।*
*ਤਿਸ ਮਹਿ ਬਾਂਟ ਪ੍ਰਭੂ ਹਿਤ ਖਾਵੈ,*
*ਤਿਸਕੋ ਉਰ (ਹਿਰਦਾ) ਨਿਰਮਲ ਹੁਇ ਜਾਵੈ ॥*
(ਗੁ: ਨਾਨਕ ਪ੍ਰਕਾਸ਼)

* * *

# 3

ਪੌਣੇ ਸੱਤ ਕੁ ਫੁਟ ਲੰਬਾ, ਦੋ ਢਾਈ ਫੁੱਟ ਚੌੜਾ, ਹਾਥੀ ਵਰਗੀ ਡੀਲ ਡੋਲ, ਫੌਲਾਦੀ ਅੰਗ, ਸ਼ੇਰ ਵਰਗਾ ਜਿਗਰਾ, ਲਾਲ ਸੁਰਖ ਅੱਖਾਂ, ਭਰਵਾਂ ਦਾਹੜਾ ਤੇ ਕੁੰਢਲੀਆਂ ਮੁੱਛਾਂ ਵਾਲਾ ਅਕਾਲੀ ਪਹਾੜਾ ਸਿੰਘ, ਪੀਲੀ ਤੇ ਨੀਲੀ ਦੂਹਰੀ ਦਸਤਾਰ ਬੜੀ ਸੁੰਦਰ ਸਜਾਇਆ ਕਰਦਾ ਸੀ।

ਜਿਹੋ ਜਿਹੀ ਅਕਾਲੀ ਜੀ ਦੀ ਡੀਲ ਡੌਲ ਤੇ ਆਕਾਰ ਸੀ ਉਹੋ ਜਿਹਾ ਹੀ ਉਸ ਦਾ ਦਬਦਬਾ ਤੇ ਵਕਾਰ ਵੀ ਸੀ। ਉਹ ਸੇਵਾ, ਪਰਉਪਕਾਰ ਅਤੇ ਨਿਮਰਤਾ ਵਾਲੇ ਚੰਗੇ ਵਿਵਹਾਰ ਦੇ ਨਾਲ ਨਾਲ ਕੁਝ ਸੁਤੰਤਰ ਵਿਚਾਰਾਂ ਵਾਲਾ ਸੀ। ਇਸੇ ਕਰਕੇ ਸ਼ਾਇਦ ਉਹ ਜਿਥੇ ਸਾਰੇ ਸ਼ਹਿਰ ਵਿਚ ਆਦਰ ਤੇ ਸਤਿਕਾਰ ਦੀ ਨਿਗਾਹ ਨਾਲ ਵੇਖਿਆ ਜਾਂਦਾ ਸੀ, ਉਥੇ ਸਿੱਖ ਜਗਤ ਵਿਚ ਪੂਰਨ ਰਹਿਤ-ਬਹਿਤ ਵਾਲਾ ਨਿਤਨੇਮੀ, ਅੰਮ੍ਰਿਤਧਾਰੀ ਗੁਰਸਿੱਖ, ਸੁਹਣਾ ਕੀਰਤਨੀਆ, ਆਚਰਣ ਦਾ ਸੁੱਚਾ ਤੇ ਸਿੱਖੀ ਆਨ ਸ਼ਾਨ ਲਈ ਮਰ ਮਿਟਣ ਵਾਲਾ ਯੋਧਾ ਹੋਣ ਦੇ ਨਾਤੇ ਬਹੁਤ ਹੀ ਸਨਮਾਨਿਆ ਜਾਂਦਾ ਸੀ।

'ਟੁਨਜ਼ਾਨੀਆ' 'ਈਸਟ ਅਫ਼ਰੀਕਾ' ਦਾ ਇਕ ਛੋਟਾ ਜਿਹਾ ਸ਼ਹਿਰ ਵਿਕਟੋਰੀਆ ਝੀਲ ਦੇ ਕਿਨਾਰੇ ਵਸਦਾ ਹੈ ਜਿਸ ਦਾ ਨਾਂ 'ਮਵਾਂਜਾ' ਸ਼ਹਿਰ ਹੈ। ਪਹਾੜਾ ਸਿੰਘ ਇਸੇ

ਸ਼ਹਿਰ ਵਿਚ ਆਪਣੇ ਹੀ ਘਰ ਬਣੀ ਵਰਕਸ਼ਾਪ ਵਿਚ ਆਪਣਾ ਸੁਤੰਤਰ ਫਰਨੀਚਰ ਆਦਿ ਦਾ ਕੰਮ ਕਰ ਕੇ ਆਪਣਾ ਇਕਾਂਗੀ ਜੀਵਨ ਬਿਤਾਉਂਦਾ ਸੀ।

ਉਹ ਪੂਰਨ ਬ੍ਰਹਮਚਾਰੀ ਅਤੇ ਪ੍ਰੇਹਜ਼ਗਾਰ ਸੀ ਅਤੇ ਨਸ਼ਿਆਂ ਤੋਂ ਸਖਤ ਨਫ਼ਰਤ ਕਰਦਾ ਸੀ। ਸ਼ਰਾਬ, ਸਿਗਰਟ, ਤੰਬਾਕੂ ਆਦਿ ਨਸ਼ੇ ਪੀਣ ਵਾਲੇ ਕਈ, ਅਕਸਰ ਉਸ ਦੇ ਗਜ਼ਬ ਦੇ ਸ਼ਿਕਾਰ ਹੋ ਜਾਂਦੇ ਸਨ। ਕਿਤਨਾ ਵੀ ਕੋਈ ਛਟਿਆ-ਛੂਕਿਆ, ਬਦਮਾਸ਼, ਗੁੰਡਾ ਤੇ ਲੜਾਕਾ ਕਿਉਂ ਨਾ ਹੋਵੇ, ਜਦੋਂ ਉਹ ਕੋਈ ਗਾਣਾ ਗੁਣਗਣਾਂਦਾ, ਸੀਟੀ ਵਜਾਂਦਾ ਜਾਂ ਸਿਗਰਟ ਦੇ ਸੂਟੇ ਲਾਉਂਦਾ ਹੋਇਆ ਉਸ ਦੇ ਘਰ ਅੱਗੋਂ ਲੰਘਦਾ ਤਾਂ ਅਠ ਦਸ ਘਰ ਪਹਿਲਾਂ ਹੀ ਉਸ ਦਾ ਗਾਣਾ ਮੁੱਕ ਜਾਂਦਾ। ਗਲਾ ਸੁੱਕ ਜਾਂਦਾ ਅਤੇ ਭਖਦਾ ਹੋਇਆ ਸਿਗਰਟ ਹੱਥਾਂ ਵਿਚ ਹੀ ਲੁਕ ਜਾਂਦਾ। ਦੋ ਪਲ ਲਈ ਉਹ ਗੁੰਡਾ ਅਤਿ ਦਾ ਸ਼ਰੀਫ ਬਣ ਕੇ, ਅਦਬ ਨਾਲ ਉਸ ਦੇ ਘਰ ਅਗੋਂ ਲੰਘ ਕੇ, ਕੁਝ ਦੂਰ ਜਾ ਕੇ ਫਿਰ ਆਪਣਾ ਗੁੰਡਾਪਣ ਸ਼ੁਰੂ ਕਰ ਦਿੰਦਾ।

ਪਹਾੜਾ ਸਿੰਘ ਸਭ ਤੋਂ ਜ਼ਿਆਦਾ ਉਨ੍ਹਾਂ ਵਿਗੜੇ ਸਿੱਖਾਂ ਨੂੰ ਫਿਟਕਾਰਦਾ, ਜਿਹੜੇ ਆਪਣੇ ਰੋਮਾਂ ਦੀ ਬੇਅਦਬੀ ਕਰ ਦਿੰਦੇ। ਵੱਡੇ ਵੱਡੇ ਵਪਾਰੀ, ਉਚੇ ਉਚੇ ਸਰਕਾਰੀ ਅਫ਼ਸਰ ;

ਮੋਟੇ ਮੋਟੇ ਠੇਕੇਦਾਰ, ਗੁਰਦੁਆਰਿਆਂ ਦੇ ਪ੍ਰਬੰਧਕ ਤੇ ਸੇਵਾਦਾਰ ਜੇ ਕਦੇ ਕੋਈ ਵੀ ਕੁਰਹਿਤ ਕਰਦੇ, ਅਕਾਲੀ ਜੀ ਉਨ੍ਹਾਂ ਦੀ ਬਿਨਾਂ ਲਾਗ ਲਪੇਟ ਸੁਹਣੀ ਝਾੜ-ਝਪਟ ਕਰ ਦੇਂਦੇ।

ਉਹ ਵੈਸੇ ਤਾਂ ਸਭ ਧਰਮਾਂ ਦਾ ਸਤਿਕਾਰ ਬਰਾਬਰ ਕਰਦਾ ਪ੍ਰੰਤੂ ਸਿੱਖ ਧਰਮ ਵਾਸਤੇ ਤਾਂ ਉਹ ਹਰ ਕੁਰਬਾਨੀ ਕਰਨ ਵਾਸਤੇ ਕਮਰ ਕਸਾ ਕਰੀ ਰਖਦਾ ਅਤੇ ਲੋੜ ਪੈਣ ਤੇ ਕਿਸੇ ਵੀ ਔਕੜ ਦਾ ਸਾਹਮਣਾ ਕਰਨ ਅਤੇ ਬਲਦੀ ਅੱਗ ਵਿਚ ਕੁੱਦ ਪੈਣ ਦੀ ਦਲ੍ਹੇਰੀ ਰਖਦਾ ਸੀ।

ਸਦਾ ਹੀ ਚੜ੍ਹਦੀਆਂ ਕਲਾਂ ਵਿਚ ਰਹਿਣ ਵਾਲਾ ਸ਼ੇਰ ਦਿਲ ਅਕਾਲੀ ਅਜ ਕਲ ਕੁਝ ਉਦਾਸ ਤੇ ਚਿੰਤਾਤੁਰ ਨਜ਼ਰ ਆ ਰਿਹਾ ਹੈ; ਕਿਸੇ ਨੂੰ ਪੁਛਣ ਦਾ ਹੌਂਸਲਾ ਨਹੀਂ ਸੀ ਪੈਂਦਾ ਪਰ ਜਲਦੀ ਹੀ ਉਸ ਦੀ ਉਦਾਸੀ ਦਾ ਕਾਰਨ ਲੋਕਾਂ ਦੇ ਸਾਹਮਣੇ ਪਰਗਟ ਹੋ ਗਿਆ।

ਮਵਾਂਜੇ ਸ਼ਹਿਰ ਤੋਂ ਥੁਹੜੀ ਦੂਰ ਜ਼ਮੀਨ ਤੋਂ ਸੋਨਾ ਕਢਣ ਦਾ ਕੰਮ "ਗੈਟਾ ਗੋਲਡ ਮਾਈਨ" ਵੱਡੇ ਪੈਮਾਨੇ ਤੇ ਕਰ ਰਹੀ ਹੈ। ਇਸ ਦੇ ਮਾਲਕ ਵੱਡੇ ਵੱਡੇ ਅੰਗਰੇਜ਼ ਲਾਰਡ, ਡਿਊਕ ਤੇ ਧਨਾਢ ਅੰਗ੍ਰੇਜ਼ ਹਨ। ਪਰ ਲਾਰਡਾਂ ਦਾ ਲਾਰਡ, ਕਾਊਂਟਾ ਦਾ ਕਾਊਂਟ ਤੇ ਡਿਊਕਾਂ ਦਾ ਡਿਊਕ ਉਥੋਂ ਦਾ

ਵਰਕਸ ਫੋਰਮੈਨ ਹੈ ; ਜੋ ਕਿ ਆਪਣੀ ਜਵਾਨੀ ਦੇ ਨਸ਼ੇ ਦੇ ਨਾਲ ਨਾਲ ਹਕੂਮਤ ਦੇ ਨਸ਼ੇ ਵਿਚ ਮੱਤਾ ਆਪਣੇ ਹਾਥੀ ਜਿਹੇ ਬਲਬੋਤੇ ਤੇ ਸ਼ਾਹ ਜ਼ੋਰੀ, ਖੂੰਖਾਰ ਮੁਕੇਬਾਜ਼ੀ ਅਤੇ ਤੇਜ਼ ਤਰਾਜ਼ੀ ਕਰ ਕੇ ਸਟਾਫ ਅਤੇ ਕਾਮਿਆਂ ਤੇ ਕਾਫੀ ਦਬ-ਦਬਾ ਰਖਦਾ ਹੈ। ਰੁਜ਼ਗਾਰ ਤੇ ਲਗੇ ਏਸ਼ੀਅਨ ਅਤੇ ਅਫਰੀਕੀ ਕਾਮੇ ਅਕਸਰ ਉਸ ਦੀ ਹੈਂਕੜਸ਼ਾਹੀ ਅਤੇ ਮਾਰ ਕੁਟਾਈ ਦਾ ਸ਼ਿਕਾਰ ਹੁੰਦੇ ਰਹਿੰਦੇ।

ਕੁਝ ਸਮੇਂ ਤੋਂ ਉਸ ਫੋਰਮੈਨ ਦੀਆਂ ਵਧੀਕੀਆਂ ਭਿਆਨਕ ਰੂਪ ਧਾਰਨ ਕਰ ਗਈਆਂ ਸਨ। ਮਾਰ ਕੁਟ ਅਤੇ ਬੇਇਜ਼ਤ ਕਰਨ ਤੋਂ ਇਲਾਵਾ ਉਸ ਵਲੋਂ ਇਕ ਦੋ ਸ਼ਿੰਘਾਂ ਦੇ ਧਾਰਮਕ ਚਿੰਨਾਂ ਅਤੇ ਕੇਸਾਂ ਦੀ ਗੁਸਤਾਖੀ ਅਕਾਲੀ ਹੁਰਾਂ ਨੂੰ ਅਜਕਲ੍ਹ ਬੇਅਰਾਮ ਕਰ ਰਹੀ ਸੀ।

ਬੜੀ ਸੋਚ ਵਿਚਾਰ ਮਗਰੋਂ ਪਹਾੜਾ ਸਿੰਘ ਨੇ ਆਪਣੇ ਮਨ ਨਾਲ ਇਕ ਵਿਸ਼ੇਸ਼ ਫੈਸਲਾ ਕੀਤਾ। ਨੌਕਰੀ ਨ ਕਰਨ ਦੇ ਪ੍ਰਣ ਨੂੰ ਇਕ ਪਾਸੇ ਰਖ, ਸਿਰਫ ਸੁਧਾਰ ਤੇ ਪਰਉਪਕਾਰ ਕਰਨ ਖਾਤਰ ਉਸ ਨੇ ਆਪਣੇ ਲਕੜੀ ਦੇ ਕੰਮ ਕਰਨ ਵਾਲੇ ਔਜ਼ਾਰ ਇਕਠੇ ਕਰਕੇ ਪੇਟੀ ਵਿਚ ਬੰਦ ਕੀਤੇ ਤੇ ਤੜਕੇ ਉਠ ਕੇ 'ਗੈਟੇ ਗੋਲਡ ਮਾਈਨ' ਦੇ ਵਰਕਸ ਮੈਨੇਜਰ ਸਾਹਮਣੇ ਪੇਸ਼ ਹੋ ਕੇ ਮਾਈਨ ਵਿਚ ਕੰਮ ਕਰਨ ਦੀ ਮਨਜ਼ੂਰੀ ਲੈ

ਲਈ। ਕੰਮ ਤੇ ਸਵੇਰੇ ਸਤ ਵਜੇ ਤੋਂ ਸ਼ਾਮ ਪੰਜ ਤਕ ਡਿਊਟੀ ਦੇਣੀ ਸੀ।

ਅਗਲੇ ਹੀ ਦਿਨ ਅਕਾਲੀ ਜੀ ਨੇ ਕੰਮ ਸ਼ੁਰੂ ਕਰ ਕੇ ਫੋਰਮੈਨ ਦੀਆਂ ਹਰਕਤਾਂ ਨੋਟ ਕਰਨੀਆਂ ਸ਼ੁਰੂ ਕਰ ਦਿੱਤੀਆਂ ਕਿ ਕਿਸ ਤਰ੍ਹਾਂ ਉਹ ਸਾਢੇ ਸਤ ਵਜੇ ਘਰੋਂ ਮੋਟਰ ਸਾਈਕਲ ਤੇ ਆਉਂਦਾ ਤੇ ਵਰਕਸ਼ਾਪ ਤੋਂ ਅੱਧਾ ਫਰਲਾਂਗ ਦੂਰ ਹੀ ਮੋਟਰ ਸਾਈਕਲ ਦਾ ਇੰਜਨ ਬੰਦ ਕਰ ਦਿੰਦਾ ਤੇ ਫਿਰ ਪੋਲੇ ਪੈਰੀਂ ਵਰਕਸ਼ਾਪ ਵਿਚ ਦਾਖ਼ਲ ਹੁੰਦਾ। ਜਿਸ ਕਾਮੇ ਨੂੰ ਸੁਸਤ ਖੜਾ ਵੇਖਦਾ, ਅਚਾਨਕ ਚੀਤੇ ਵਾਂਗ ਉਸ ਤੇ ਝਪਟਦਾ, ਉਸ ਦੀ ਚੰਗੀ ਪਿਟਾਈ ਧੁਨਾਈ ਕਰ ਕੇ ਅਧਮੋਆ ਕਰ ਦਿੰਦਾ। ਪੇਟ ਦੀ ਭੁੱਖ ਕਾਰਨ ਵਿਚਾਰੇ ਕਾਮੇ ਰੋ ਧੋ ਕੇ ਇਹ ਅਪਮਾਨ ਸ਼ਹਿਣ ਕਰ ਲੈਂਦੇ ਪਰ ਕਈ ਸਵੈਮਾਨੀ ਕੰਮ ਛਡ ਕੇ ਚਲੇ ਵੀ ਜਾਂਦੇ। ਜੇ ਦੋ ਕਾਮੇ ਛਡ ਕੇ ਜਾਂਦੇ ਤਾਂ ਦਸ ਹੋਰ ਭਰਤੀ ਵਾਸਤੇ ਆ ਵੀ ਜਾਂਦੇ ਤੇ ਇਸ ਤਰ੍ਹਾਂ ਕੰਮ ਬਕਾਇਦਾ ਚਲਦਾ ਜਾ ਰਿਹਾ ਸੀ।

ਕੁਝ ਕੁ ਦਿਨਾਂ ਮਗਰੋਂ ਮਾਈਨ ਦੇ ਸਾਰੇ ਵਸਨੀਕਾਂ ਨੂੰ ਦੋ ਐਸੇ ਕ੍ਰਿਸ਼ਮੇ ਵੇਖੇ ਜਿਨ੍ਹਾਂ ਦਾ ਉਹ ਸੁਪਨੇ ਵਿਚ ਵੀ ਅੰਦਾਜ਼ਾ ਨਹੀਂ ਸਨ ਲਾ ਸਕਦੇ। ਅਜ ਸਵੇਰੇ ਤੋਂ ਹੀ ਪਹਾੜਾ ਸਿੰਘ ਦੇ ਕੰਮ ਦੀ ਰਫ਼ਤਾਰ ਸੁਸਤ ਹੋ ਗਈ ਸੀ। ਫੋਰਮੈਨ

ਜਦ ਚੁਪਕੇ ਚੁਪਕੇ ਅੰਦਰ ਦਾਖਲ ਹੋਇਆ ਤਾਂ ਉਸ ਸਮੇਂ ਪਹਾੜਾ ਸਿੰਘ ਨੇ ਕੰਮ ਕਰਨਾ ਬਿਲਕੁਲ ਬੰਦ ਕਰ ਦਿੱਤਾ।

ਆਦਤ ਅਨੁਸਾਰ ਫੋਰਮੈਨ ਸ਼ੇਰ ਵਾਂਗ ਝਪਟਿਆ ਅਤੇ ਪੂਰੇ ਜ਼ੋਰ ਦਾ ਹੂਰਾ ਪਹਾੜਾ ਸਿੰਘ ਦੇ ਸੀਨੇ ਵਿਚ ਮਾਰਿਆ। ਦੂਜੇ ਹੀ ਪਲ ਦੋ ਬੂਟਾਂ ਦੇ ਭਰਵੇਂ ਠੁਡੇ ਵੀ ਉਸ ਨੇ ਉਸ ਨੂੰ ਮਾਰੇ ਜਿਸ ਦੀ ਜ਼ਰਬ ਨਾਲ ਪਹਾੜਾ ਸਿੰਘ ਜ਼ਮੀਨ ਤੇ ਡਿੱਗ ਪਿਆ। ਫੋਰਮੈਨ ਵਲੋਂ ਮਤਾਵਾਤਰ ਵਾਰ ਹੋ ਰਹੇ ਸਨ। ਫਿਰ ਦੋ ਕੁ ਮਿੰਟ ਮਗਰੋਂ ਪਹਾੜਾ ਸਿੰਘ ਉਠਿਆ ਤੇ ਭੂਤਰੇ ਸਾਹਨ ਵਾਂਗੂ ਫੋਰਮੈਨ ਤੇ ਝਪਟਿਆ। ਮਾਨੋ ਦੋ ਪਹਾੜ ਆਪਸ ਵਿਚ ਟਕਰਾਏ। ਦੂਜੇ ਹੀ ਪਲ 'ਚ ਫੋਰਮੈਨ ਧਰਤੀ ਉਤੇ ਸੀ ਤੇ ਪਹਾੜਾ ਸਿੰਘ ਉਸ ਦੀ ਛਾਤੀ ਦੀ ਹੈਂਕੜ ਭੰਨ ਰਿਹਾ ਸੀ। ਇਕ ਬਿਫਰੇ ਸ਼ੇਰ ਵਾਂਗ ਅਕਾਲੀ ਫੋਰਮੈਨ ਨੂੰ ਹੂਰੇ ਤੇ ਹੂਰਾ, ਮੁੱਕੇ ਤੇ ਮੁੱਕਾ ਜੜ ਰਿਹਾ ਸੀ। ਉਹ ਫੌਰਮੈਨ ਦੀਆਂ ਮਿੰਨਤਾਂ - ਤਰਲਿਆਂ ਅਤੇ ''ਸੌਰੀ ਸੌਰੀ'' ਦੀਆਂ ਪੁਕਾਰਾਂ ਤੋਂ ਬਿਲਕੁਲ ਬੇਨਿਆਜ਼ ਉਸ ਦੀਆਂ ਗੁਸਤਾਖੀਆਂ ਦੀ ਕੀਮਤ ਚੁਕਾ ਰਿਹਾ ਸੀ। ਸਾਰੀ ਲੁਕਾਈ ਇਸ ਲੜਾਈ ਨੂੰ ਵੇਖ ਰਹੀ ਸੀ ਜੋ ਕਿ ਅਤਿ ਭਿਆਨਕ ਰੂਪ ਧਾਰਨ ਕਰ ਚੁੱਕੀ ਸੀ।

ਆਖਰ ਜਦ ਫੋਰਮੈਨ ਮਾਰ ਖਾ ਖਾ ਕੇ ਬੇਹੋਸ਼ ਜਿਹਾ ਹੋ ਗਿਆ ਅਤੇ ਉਸ ਦਾ ਜਿਸਮ ਵੀ ਬੇਹਰਕਤ ਹੋ ਗਿਆ ਤਾਂ

ਇਕ ਤਸੱਲੀ ਜਿਹੀ ਨਾਲ ਪਹਾੜਾ ਸਿੰਘ ਉਸ ਦੀ ਛਾਤੀ ਤੋਂ ਉਠਿਆ, ਕਪੜੇ ਝਾੜੇ ਤੇ ਕੰਮ ਵਾਲੇ ਔਜ਼ਾਰ ਮੁੜ ਪੇਟੀ ਵਿਚ ਪਾਉਣ ਲਗ ਪਿਆ। ਇਧਰ ਹੌਲੀ ਹੌਲੀ ਫੋਰਮੈਨ ਵੀ ਹੌਂਕਦਾ ਤੇ ਸਿਸਕਦਾ ਹੋਇਆ ਉਠਿਆ ਤੇ ਵਿਗੜਿਆ ਹੁਲੀਆ ਠੀਕ ਕਰਦਾ ਹੋਇਆ ਮਰੀਅਲ ਕੁਤੇ ਵਾਂਗ ਬਾਹਰ ਚਲਾ ਗਿਆ।

ਕੁਝ ਦੇਰ ਮਗਰੋਂ ਜਦ ਪਹਾੜਾ ਸਿੰਘ ਔਜ਼ਾਰ ਵਾਲੀ ਪੇਟੀ ਸਮੇਤ ਵਰਕਸ ਮੈਨੇਜਰ ਦੇ ਦਫ਼ਤਰ ਵਿਚ ਪੁਜ ਕੇ ਘਰ ਜਾਣ ਦੀ ਆਗਿਆ ਮੰਗ ਰਿਹਾ ਸੀ, ਉਦੋਂ ਹੀ ਫੋਰਮੈਨ ਇਕ ਹਥ 'ਚ ਬੈਗ ਲਈ ਤੇ ਦੂਸਰੇ ਵਿਚ ਆਪਣਾ ਅਸਤੀਫਾ ਫੜੀ ਉਸੇ ਹੀ ਦਫ਼ਤਰ 'ਚ ਮੈਨੇਜਰ ਨੂੰ ਆਪਣਾ ਅਸਤੀਫ਼ਾ ਪੇਸ਼ ਕਰ ਰਿਹਾ ਸੀ।

ਵਰਕਸ ਮੈਨੇਜਰ ਨੇ ਦੋਹਾਂ ਨੂੰ ਸਮਝਾਇਆ ਕਿ ਹੁਣ ਲੜਾਈ ਖਤਮ ਹੋ ਚੁੱਕੀ ਹੈ, ਤੁਸੀਂ ਦੋਨੋਂ ਬੜੇ ਬਹਾਦਰ ਹੋ, ਤੇ ਆਪੋ ਆਪਣੇ ਕੰਮ ਤੇ ਜਾਓ। ਤਾਂ ਫੋਰਮੈਨ ਨੇ ਕਿਹਾ ਕਿ ਮੈਂ ਆਪਣੇ ਆਪ ਨੂੰ ਅਜਿਤ ਸੂਰਮਾ ਸਮਝਦਾ ਸੀ, ਜੀਵਨ ਵਿਚ ਪਹਿਲੀ ਵਾਰ ਇਸ ਧਰਮੀ ਯੋਧੇ ਤੋਂ ਹਾਰਿਆ ਹਾਂ। ਮੇਰੀ ਸਾਰੀ ਸ਼ਾਨੋ ਸ਼ੌਕਤ, ਰੋਅਬ ਅਤੇ ਦਬਦਬਾ ਹੁਣ ਖਤਮ ਹੋ ਗਿਆ ਹੈ। ਮੈਂ ਕਾਫ਼ੀ ਜ਼ਲੀਲ ਹੋ ਚੁੱਕਾ ਹਾਂ। ਹੁਣ ਮੈਂ

ਪਹਿਲੇ ਵਾਂਗ ਕਿਸੇ ਤੋਂ ਨ ਕੰਮ ਲੈ ਸਕਾਂਗਾ ਅਤੇ ਨਾਂਹ ਹੀ ਪਹਿਲੀ ਪੋਜ਼ੀਸ਼ਨ ਹੀ ਬਹਾਲ ਕਰ ਸਕਾਂਗਾ। ਇਸ ਲਈ ਮੇਰਾ ਅਸਤੀਫਾ ਪ੍ਰਵਾਨ ਕਰੋ। ਮੈਂ ਸ਼ਹਿਰ ਜਾ ਰਿਹਾ ਹਾਂ, ਹੋਟਲ ਵਿਚ ਠਹਿਰਾਂਗਾ, ਤੁਸੀਂ ਮੇਰੀ ਤਨਖਾਹ ਤੇ ਹੋਰ ਬਕਾਇਆ, ਮੇਰੀ ਜਹਾਜ ਦੀ ਟਿਕਟ ਸਮੇਤ ਉਥੇ ਹੋਟਲ ਵਿਚ ਭੇਜ ਦੇਣਾ, ਮਿਹਰਬਾਨੀ ਹੋਵੇਗੀ।

ਇਧਰ ਅਕਾਲੀ ਪਹਾੜਾ ਸਿੰਘ ਨੇ ਕਿਹਾ, ਮੈਂ ਵੀ ਹੁਣ ਇਥੇ ਇਕ ਪਲ ਵੀ ਹੋਰ ਨਹੀਂ ਠਹਿਰਾਂਗਾ। ਮੇਰਾ ਜੋ ਮਿਸ਼ਨ ਸੀ ਉਹ ਪੂਰਾ ਹੋ ਗਿਆ ਹੈ। ਮੁਜਰਮ ਨੂੰ ਉਸ ਦੇ ਕਰਮਾਂ ਦੀ ਸਜ਼ਾ ਮਿਲ ਗਈ ਹੈ। ਮੈਂ ਤਾਂ ਵਰਕਰ ਨੂੰ ਗਲਤੀ ਬਦਲੇ ਮਾਰਨਾ ਵੀ ਮੁਨਾਸਬ ਨਹੀਂ ਸਮਝਦਾ ਪਰ ਕਿਸੇ ਦੇ ਧਰਮ ਅਤੇ ਉਸ ਦੇ ਧਾਰਮਕ ਚਿੰਨਾਂ ਦੀ ਬੇਅਦਬੀ ਤਾਂ ਮੈਂ ਬਿਲਕੁਲ ਹੀ ਬਰਦਾਸ਼ਤ ਨਹੀਂ ਕਰ ਸਕਦਾ।

ਫੋਰਮੈਨ ਨੇ ਉਠ ਕੇ ਪਿਆਰ ਨਾਲ ਅਕਾਲੀ ਜੀ ਨੂੰ ਗਲ਼ਵਕੜੀ ਪਾ ਲਈ ਤੇ ਕੁਝ ਮਿੰਟਾਂ ਬਾਅਦ ਲੋਕਾਂ ਨੇ ਵੇਖਿਆ ਕਿ ਦੋ ਘੰਟੇ ਪਹਿਲਾਂ ਇਕ ਦੂਜੇ ਦੇ ਜਾਨੀ ਦੁਸ਼ਮਣ ਹੁਣ ਜਿਗਰੀ ਦੋਸਤ ਬਣ ਕੇ ਗਲਵਕੜੀ ਪਾਈ ਮੁਆਂਜੇ ਸ਼ਹਿਰ ਵਲ ਜਾ ਰਹੇ ਸਨ ਤੇ ਲੋਕੀਂ ਵਾਹ ਵਾਹ ਕਰ ਰਹੇ ਸਨ। (ਇਹ ਵਾਰਤਾ ੧੯੫੫ ਦੀ ਹੈ)

# 4

ਸੇਵਾ ਨੂੰ ਭਾਵੇਂ ਸਭ ਧਰਮਾਂ ਵਿਚ ਕਿਸੇ ਨ ਕਿਸੇ ਤਰੀਕੇ ਵਡਿਆਇਆ ਗਿਆ ਹੈ ਪਰ ਜੋ ਮਹੱਤਤਾ ਅਤੇ ਮਹਾਨਤਾ ਸੇਵਾ ਦੀ ਸਿੱਖ ਧਰਮ ਵਿਚ ਹੈ ਉਹ ਸ਼ਾਇਦ ਹੋਰ ਕਿਧਰੇ ਵੀ ਨਾਂਹ ਹੋਵੇ।

ਸੇਵਾ ਤੇ ਸਿਮਰਨ, ਸਿੱਖ ਧਰਮ ਦੇ ਮੁੱਢਲੇ ਤੇ ਅਨਿਖੜਵੇਂ ਜ਼ਰੂਰੀ ਸਿਧਾਂਤ ਮੰਨੇ ਗਏ ਹਨ। ਗੁਰੂ ਪਾਤਸ਼ਾਹ ਨੇ ਗੁਰਬਾਣੀ 'ਚ ਜਿਥੇ ਫੁਰਮਾਇਆ ਹੈ :-

*ਵਿਚਿ ਦੁਨੀਆ ਸੇਵਿ ਕਮਾਈਐ ॥*
*ਤਾ ਦਰਗਹ ਬੈਸਣੁ ਪਾਈਐ ॥*
*ਕਹੁ ਨਾਨਕ ਬਾਹ ਲੁਡਾਈਐ ॥*

ਉਥੇ ਪੰਚਮ ਪਾਤਸ਼ਾਹ ਨੇ ਪਹਿਲਾ ਕੋਹੜੀ-ਘਰ ਤਰਨ ਤਾਰਨ ਵਿਚ ਖੋਲ੍ਹ ਕੇ ਉਨ੍ਹਾਂ ਲੋਕਾਂ ਦੀ ਸੇਵਾ ਸੰਭਾਲ ਆਰੰਭੀ ਜਿਨ੍ਹਾਂ ਦੀ ਛੋਹ ਤੋਂ ਹੀ ਦੁਨੀਆ ਦੂਰ ਭਜਦੀ ਸੀ।

ਇਸੇ ਤਰ੍ਹਾਂ ਸਤਵੇਂ ਪਾਤਸ਼ਾਹ ਦਾ ਕੀਰਤਪੁਰ ਸਾਹਿਬ ਵਿਚ ਖੋਲ੍ਹਿਆ ਦਵਾਖਾਨਾ ਜਿਥੇ ਸਾਰੇ ਭਾਰਤਵਰਸ਼ ਵਿਚ ਪ੍ਰਸਿੱਧ ਸੀ, ਉਥੇ ਪਸ਼ੂ ਪੰਛੀਆਂ ਲਈ ਖੋਲ੍ਹਿਆ ਸ਼ਫਾਖਾਨਾ, ਸੇਵਾ ਦੇ ਮੈਦਾਨ ਵਿਚ ਇਕ ਹੋਰ ਵੱਡਾ ਪੜਾਅ ਕਾਇਮ ਕਰਨਾ ਸੀ।

ਦਸਵੇਂ ਪਾਤਸ਼ਾਹ ਦੇ ਸਮੇਂ ਸਿੱਖੀ ਨੇ ਸੇਵਾ ਦੀ ਸਿਖਰ ਨੂੰ ਓਦੋਂ ਛੂਹਿਆ ਜਦ ਸੇਵਾ ਤੇ ਸਿਮਰਨ ਦੀ ਮੂਰਤੀ ਅਤੇ ਗੁਰੂ ਘਰ ਦੇ ਵਰੋਸਾਏ ਭਾਈ ਘਨਈਆ ਜੀ ਦੀ, ਲੜਾਈ ਦੇ ਮੈਦਾਨ ਵਿਚ ਸਮ-ਦ੍ਰਿਸ਼ਟੀ ਪ੍ਰਗਟ ਹੋਈ।

ਮੈਦਾਨ ਜੰਗ ਵਿਚ ਬਿਨਾਂ ਵਿਤਕਰੇ ਆਪਣੇ ਅਤੇ ਪਰਾਇਆਂ ਨੂੰ ਪਾਣੀ ਪਿਲਾਉਣ ਦੀ ਸਾਖੀ ਸਭ ਨੂੰ ਪਤਾ ਹੀ ਹੈ ਕਿ ਕਿਸ ਤਰ੍ਹਾਂ ਗੁਰੂ ਪਾਤਸ਼ਾਹ ਉਨਾਂ ਦੀ ਬ੍ਰਹਮ-ਗਿਆਨੀ ਵਾਲੀ ਅਵਸਥਾ ਵੇਖ ਪ੍ਰਸੰਨ ਹੋਏ ਅਤੇ ਆਪਣੇ ਵਲੋਂ ਉਨ੍ਹਾਂ ਨੂੰ ਮਰਹਮ ਦੀ ਡਬੀ ਦੇ ਕੇ ਜ਼ਖਮੀਆਂ ਨੂੰ ਪਾਣੀ ਪਿਲਾਉਣ ਦੇ ਨਾਲ ਨਾਲ ਮਰਹਮ ਵੀ ਲਗਾ ਦੇਣ ਲਈ ਕਿਹਾ।

ਦੁਨੀਆ ਭਾਵੇਂ ਚਿਰਾਂ ਤੋਂ ਕਹਿੰਦੀ ਚਲੀ ਆ ਰਹੀ ਹੈ ਕਿ ਪਿਆਰ ਅਤੇ ਲੜਾਈ ਵਿਚ ਸਭ ਜਾਇਜ਼ ਹੁੰਦਾ ਹੈ ਪਰ ਗੁਰੂ ਮਹਾਰਾਜ ਨੇ ਇਹ ਗਲ ਪ੍ਰਵਾਨ ਨਹੀਂ ਕੀਤੀ। ਉਨ੍ਹਾਂ ਨੇ ਜੰਗ ਦੇ ਕੇਵਲ ਅਸੂਲ ਬਣਾਏ ਹੀ ਨਹੀਂ ਸਗੋਂ ਉਨ੍ਹਾਂ ਦੀ ਪਾਲਣਾ ਜਿਥੇ ਆਪ ਕੀਤੀ ਉਥੇ ਆਪਣੇ ਸਿੱਖਾਂ ਨੂੰ ਵੀ ਉਨ੍ਹਾਂ ਦੀ ਪਾਲਣਾ ਕਰਨ ਦੀ ਤਾਕੀਦ ਕੀਤੀ ਤੇ ਕਰਾਈ।

ਅਜ ਅਸੀਂ ਆਪਣੇ ਲਾਪ੍ਰਵਾਹੀ ਵਾਲੇ ਗਲਤ ਸੁਭਾਅ ਅਨੁਸਾਰ ਜਿਥੇ ਦਿਨ ਰਾਤ ਗੁਰਮਤਿ ਤੋਂ ਅਵੇਸਲੇ ਅਤੇ ਦੂਰ ਹੁੰਦੇ ਜਾ ਰਹੇ ਹਾਂ ਉਥੇ ਗੁਰਮਤਿ ਗਾਡੀ ਰਾਹ ਉਤੇ

ਤੂਰਨ ਵਾਲੇ ਭਾਈ ਸਾਹਿਬ ਘਨਈਆ ਜੀ ਵਰਗੇ ਮਹਾਂਪੁਰਸ਼ਾਂ ਦੀਆਂ ਘਾਲੀਆਂ ਘਾਲਣਾ ਦੇ ਜਾਣੂ ਹੋਕੇ ਉਨ੍ਹਾਂ ਤੋਂ ਉਸ਼ਾਹਿਤ ਹੋਣਾ ਜਿਥੇ ਵਿਸਰਦਾ ਜਾ ਰਿਹਾ ਹੈ ਉਥੇ -

''ਬਾਬਾਣੀਆਂ ਕਹਾਣੀਆਂ ਪੁਤ ਸਪੁਤ ਕਰੇਨ''

ਗੁਰਵਾਕ ਵੀ ਭੁਲਦਾਂ ਜਾ ਰਿਹਾ ਹੈ।

ਇਹੋ ਕਾਰਨ ਹੈ ਕਿ ਭਾਈ ਘਨਈਆ ਜੀ ਦੀ ਜੰਗ ਵਿਚ ਆਪਣਿਆਂ ਅਤੇ ਵੈਰੀਆਂ ਨੂੰ ਪਾਣੀ ਪਿਲਾਉਣ ਵਾਲੀ ਸਾਖੀ ਜਾਂ ਇਕ ਅੱਧੀ ਹੋਰ ਸਾਖੀ ਤੋਂ ਇਲਾਵਾ ਉਨ੍ਹਾਂ ਦੀ ਸੇਵਾ ਅਤੇ ਸਿਮਰਨ ਦੀ ਕਰੜੀ ਲੰਬੀ ਘਾਲਣਾ ਬਾਰੇ ਸਾਨੂੰ ਬਹੁਤਿਆਂ ਨੂੰ ਪਤਾ ਹੀ ਨਹੀਂ।

੧ ਬਚਪਨ ਵਿਚ ਭਾਈ ਸਾਹਿਬ ਦੇ ਅੰਦਰੋਂ ਜਦ ਸੇਵਾ ਦਾ ਅੰਕੁਰ ਫੁਟਦਾ ਹੈ ਤਾਂ ਘਰੋਂ ਰੁਪਏ ਪੈਸਿਆਂ ਦੇ ਜੇਬੇ ਭਰ ਕੇ ਲੈ ਜਾਂਦੇ ਅਤੇ ਲੋੜਵੰਦਾਂ ਨੂੰ ਵੰਡ ਆਉਂਦੇ ਸਨ। (ਯਾਦ ਰਹੇ ਭਾਈ ਸਾਹਿਬ ਇਕ ਤਕੜੇ ਅਮੀਰ ਬਾਪ ਦੇ ਬੇਟੇ ਸਨ)

੨ ਉਸ ਸਮੇਂ ਸਰਕਾਰ ਅਤੇ ਸਰਕਾਰੀ ਕਰਮਚਾਰੀਆਂ ਵਲੋਂ ਵਗਾਰ ਕਰਾਉਣ (ਬਿਨਾਂ ਮਜ਼ਦੂਰੀ ਦਿਤੇ ਕੰਮ ਕਰਾਉਣ) ਦਾ ਬੜਾ ਰਿਵਾਜ ਸੀ ; ਜਿਸਨੂੰ ਵੇਖਕੇ ਆਪ ਦਾ ਦਿਲ ਬੜਾ ਦੁਖਦਾ। ਆਪ ਵਡੀ ( ਜਰਨੈਲੀ ) ਸੜਕ ਤੇ ਖੜੋ ਜਾਂਦੇ ਅਤੇ ਵਗਾਰੀ ਪਕੜੇ ਲੋਕਾਂ ਦੇ ਸਿਰਾਂ ਉਤੇ ਚੁਕੇ

ਭਾਰ ਨੂੰ ਆਪ ਚੁਕ, ਕਈ ਕਈ ਮੀਲ ਉਨਾਂ ਦਾ ਸਾਹ ਕਢਾਂਦੇ ਅਤੇ ਫਿਰ ਕੋਲੋਂ ਕੁਝ ਨ ਕੁਝ ਰਕਮ ਦੇ ਕੇ ਵਾਪਸ ਮੁੜਦੇ।

੩ . ਗੁਰੂ ਘਰ ਤੋਂ ਵਰੋਸਾਏ ਭਾਈ ਨਨੂਆ ਜੀ ਕੋਲੋਂ ਜਦ ਆਪ ਨੇ ਗੁਰੂ ਤੇਗ ਬਹਾਦਰ ਜੀ ਦੇ ਵੈਰਾਗਮਈ ਸਲੋਕ ਸੁਣੇ ਤਾਂ ਐਸੀ ਪ੍ਰੇਮ ਦੀ ਖਿਚ ਪੈਦਾ ਹੋਈ ਜੋ ਅਨੰਦਪੁਰ ਸਾਹਿਬ ਗੁਰੂ ਪਾਤਸ਼ਾਹ ਦੇ ਚਰਨ ਸ਼ਰਨ ਤਕ ਲੈ ਆਈ। ਲੇਖ ਦੇ ਵਿਸਥਾਰ ਹੋ ਜਾਣ ਦੇ ਡਰ ਕਾਰਨ ਸੰਖੇਪ ਰੂਪ ਵਿਚ ਇਤਨਾ ਹੀ ਦਸਣਾ ਕਾਫੀ ਹੋਵੇਗਾ ਕਿ ਆਪ ਨੇ ਗੁਰੂ ਤੇਗ ਬਹਾਦਰ ਜੀ ਦੀ ਚਰਨ ਸ਼ਰਨ ਵਿਚ ਰਹਿ ਕੇ ਨਿਸ਼ਕਾਮ ਸੇਵਾ ਐਸੀ ਪਿਆਰ ਤੇ ਸਾਵਧਾਨਤਾ ਨਾਲ ਨਿਭਾਈ ਕਿ ਸਾਹਿਬਾਂ ਦੀਆਂ ਨਜ਼ਰਾਂ ਵਿਚ ਪ੍ਰਵਾਨ ਚੜ ਗਏ ਅਤੇ ਅਖੀਰ 'ਚ ਗੁਰੂ ਪਾਤਸ਼ਾਹ ਨੇ ਇਕ ਦਿਨ ਆਪ ਨੂੰ ਕਿਹਾ ਕਿ ਜੋ ਭਰੋਸੇ ਦੀ ਦਾਤ ਆਪ ਨੂੰ ਮਿਲੀ ਹੈ ਉਹ ਹੁਣ ਹੋਰਨਾਂ ਨੂੰ ਜਾ ਕੇ ਵੰਡੋ।

੪. ਜਦ ਭਾਈ ਸਾਹਿਬ ਨੇ ਚਰਨ ਸ਼ਰਨ ਵਿਚ ਹੀ ਰਹਿ ਕੇ ਸੇਵਾ ਕਰਨ ਲਈ ਤਰਲੇ ਭਰੀ ਬੇਨਤੀ ਕੀਤੀ ਤਾਂ ਗੁਰੂ ਪਾਤਸ਼ਾਹ ਨੇ ਜੋ ਫੁਰਮਾਇਆ ਸੀ ਉਹ ਉਨਾਂ ਲਈ ਵੀ ਤੇ ਸਾਡੇ ਸਾਰੇ ਸਿਖ ਜਗਤ ਲਈ ਯਾਦ ਰਹਿਣ ਵਾਲਾ ਉਪਦੇਸ਼ ਹੈ। ਗੁਰੂ ਪਾਤਸ਼ਾਹ ਨੇ ਉਸ ਸਮੇਂ ਭਾਈ ਸਾਹਿਬ

ਨੂੰ ਸਮਝਾਇਆ ਸੀ ਕਿ ਕਿਸੇ ਨੂੰ ਗੁਰਮਤਿ ਦੀ ਘਾਸੀ ਪਾਉਣ ( ਅਰਥਾਤ ਗੁਰਮਤਿ ਗਾਡੀ ਰਾਹ ਉਤੇ ਤੁਰਨ ਦੀ ਆਦਤ ਪਾਉਣਾ ) ਹੀ ਅਸਲ 'ਚ ਗੁਰੂ- ਸੇਵਾ ਹੈ।

੫. ਇਹ ਉਪਦੇਸ਼ ਸੁਣ ਕੇ ਭਾਈ ਸਾਹਿਬ ਨੇ ਸਿਰ ਨਿਵਾਇਆ ਅਤੇ ਅੱਟਕ ਸ਼ਹਿਰ ਦੇ ਨੇੜੇ ' ਕਵੇ 'ਪਿੰਡ ਵਿਚ ਧਰਮਸਾਲਾ ਬਣਾ ਕੇ ਸੇਵਾ ਦਾ ਐਸਾ ਪ੍ਰਵਾਹ ਚਲਾਇਆ ਜਿਸ ਦਾ ਪ੍ਰਭਾਵ ਦੂਰ ਦੂਰ ਤਕ ਪਿਆ। ਆਪ ਪਾਣੀ ਦੀ ਥੁੜ ਵਾਲੇ ਇਲਾਕਿਆਂ ਵਿਚ ਖੂਹ, ਬਾਉਲੀਆਂ ਤੇ ਛਬੀਲਾਂ ਜਿਥੇ ਲਾਉਂਦੇ ਉਥੇ ਆਉਂਦੇ ਜਾਂਦੇ ਰਾਹੀਆਂ ਲਈ ' ਰੈਣ ਬਸੇਰੇ ' ਵੀ ਬਣਾਉਂਦੇ। ਧਰਮਸ਼ਾਲਾ ਵਿਚ ਜਿਥੇ ਬਿਨਾਂ ਵਿਤਕਰੇ ਹਰ ਆਏ ਗਏ ਦੀ ਸੇਵਾ ਸੰਭਾਲ ਦੇ ਨਾਲ ਨਾਲ ਗੁਰਬਾਣੀ ਦੀ ਵੀਚਾਰ ਮੁਤਵਾਤਰ ਹੁੰਦੀ ਰਹਿੰਦੀ, ਉਥੇ ਕੀਰਤਨ ਕਥਾ ਲਈ ਰਬਾਬੀਆਂ ਆਦਿ ਨੂੰ ਉਚੇਚੇ ਬੁਲਾਇਆ ਜਾਂਦਾ ਅਤੇ ਹਰ ਇਕ ਆਏ ਨੂੰ ਅਤਿ ਪਿਆਰੇ ਸਨੇਹੀਆਂ ਵਾਲਾ ਪਿਆਰ ਤੇ ਸਤਿਕਾਰ ਦਿਤਾ ਜਾਂਦਾ ਸੀ।

੬. ਇਕ ਵਾਰ ਜਦ ਆਪ ਖੂਹ ਪੁਟਵਾਉਣ ਲਗੇ ਤਾ ਲੋਕਾਂ ਕਿਹਾ ਕਿ ਉਗਰਾਹੀ ਕਰਕੇ ਖੂਹ ਪੁਟਵਾ ਦੇਂਦੇ ਹਾਂ ਤਾਂ ਭਾਈ ਸਾਹਿਬ ਨੇ ਕਿਹਾ ਉਗਰਾਹੀ ਦੇ ਪੈਸਿਆਂ ਨਾਲ ਖੂਹ ਪੁਟਵਾਉਣਾ ਸੇਵਾ ਨਹੀਂ ਹੈ। ਜਦ ਇਕ ਹੋਰ ਨੇ ਖੂਹ

ਉਤੇ ਆਉਣ ਵਾਲਾ ਸਾਰਾ ਖਰਚ ਆਪਣੇ ਵਲੋਂ ਕਰ ਦੇਣ ਲਈ ਕਿਹਾ ਤਾਂ ਵੀ ਆਪ ਨੇ ਇਨਕਾਰ ਕਰ ਦਿਤਾ ਅਤੇ ਕਿਹਾ ਕਿ ਇਸਤਰਾਂ ਕਰਨ ਨਾਲ ਇਹ ਰੋਜ਼ ਕਹਿੰਦਾ ਫਿਰੇ ਗਾ ਕਿ ਮੇਰੇ ਪੈਸਿਆਂ (ਦਾਨ) ਨਾਲ ਇਹ ਖੂਹ ਤਿਆਰ ਹੋਇਆ ਹੈ। ਇਸ ਤਰਾਂ ਦਾਨ ਦੇਣ ਨਾਲ ਇਸ ਦਾ ਹੰਕਾਰ ਵਧੇਗਾ ਅਤੇ ਇਸ ਹੰਕਾਰ ਨਾਲ ਇਸ ਦਾ ਹੋਰ ਨੁਕਸਾਨ ਹੋਵੇਗਾ। ਇਸ ਲਈ ਇਹ ਗਲ ਵੀ ਉਨਾਂ ਨਾਂਹ ਮੰਨੀ।

੭. ਗੁਰਬਾਣੀ ਵਿਚ ਲਿਖੇ :-

*ਜਿਨੀ ਚਲਣ ਜਾਣਿਆ*
*ਸੇ ਕਿਉਂ ਕਰਹਿ ਵਿਥਾਰ ॥*

ਅਨੁਸਾਰ ਭਾਈ ਸਾਹਿਬ ਵੀ ਮਹਲ- ਮਾੜੀਆਂ ਤੇ ਜਾਇਦਾਦਾਂ ਬਨਾਉਣ ਵਾਲੇ ਨੂੰ ਸਮਝਾਉਂਦੇ ਹੋਏ ਕਹਿਆ ਕਰਦੇ ਸਨ, '*ਮਹਲ ਝਰੋਖੇ ਸੋਈ ਬਨਵਾਹਿ,*
*ਜਿਨ ਕਉਂ ਮਰਨਾ ਚਿਤ ਨਹੀਂ ਆਵਹਿ।''*

੮. ਜਦ ਕਿਸੇ ਪੁਛਿਆ ਬੁੱਤ ਪੂਜ ਕੌਣ ਹੈ? ਤਾਂ ਆਪ ਜੀ ਨੇ ਬੜੇ ਸੁਚੱਜੇ ਤੇ ਸੌਖੇ ਤਰੀਕੇ ਨਾਲ ਸਮਝਾਇਆ ਕਿ ਬੁਤ ਅਗੇ ਮਥਾ ਟੇਕਣਾ ਅਤੇ ਗੁਰੂ ਵਿਅਕਤੀ ਅਗੇ ਮਥਾ ਟੇਕਣ ਤਕ ਦੋਵੇਂ ਹੀ ਬੁਤ ਪੂਜ ਹਨ। ਬੁੱਤ ਨੇ ਅਗੋਂ ਕੁਝ ਕਹਿਣਾ ਨਹੀਂ ਹੁੰਦਾ ਪਰ ਗੁਰੂ ਅਗੋਂ ਹੁਕਮ ਦੇਂਦਾ ਹੈ ਅਤੇ

ਉਪਦੇਸ਼ ਦੇਂਦਾ ਹੈ ਤੇ ਜੋ ਸਿਖ ਗੁਰੂ ਦੇ ਦਸੇ ਹੁਕਮ ਉਤੇ, ਗੁਰੂ ਦੇ ਦਿੱਤੇ ਉਪਦੇਸ਼ ਅਨੁਸਾਰ ਟੁਰਦਾ ਹੈ ਤਾਂ ਉਹ ਬੁੱਤ ਪੂਜ ਨਹੀਂ। ਪਰ ਜੇ ਉਹ ਗੁਰੂ ਦੇ ਹੁਕਮਾਂ ਨੂੰ ਗੌਲਦਾ ਹੀ ਨਹੀਂ, ਗੁਰ ਉਪਦੇਸ਼ਾਂ ਵਲ ਧਿਆਨ ਹੀ ਨਹੀਂ ਦਿੰਦਾ, ਤਾਂ ਉਹ ਵੀ ਬੁੱਤ ਪੂਜ ਹੈ। ਇਸ ਤਰ੍ਹਾਂ ਗੁਰੂ ਦੀ ਆਗਿਆ ਨ ਮੰਨਣ ਵਾਲੇ ਦਾ ਮਥਾ ਟੇਕਣਾ, ਕਬਰ, ਮੜ੍ਹੀ ਜਾਂ ਬੁਤ ਨੂੰ ਮਥਾ ਟੇਕਣ ਦੇ ਹੀ ਬਰਾਬਰ ਹੈ।

੬. ਭਾਈ ਸਾਹਿਬ ਜਿਥੇ ਆਪ ਹਮੇਸ਼ਾ ਅਕਾਲ ਪੁਰਖ ਦੀ ਰਜ਼ਾ ਵਿਚ ਰਾਜ਼ੀ ਰਹਿੰਦੇ ਸਨ ਉਥੇ ਸਭ ਨੂੰ ਉਪਦੇਸ਼ ਵੀ ਇਹ ਦਿਆ ਕਰਦੇ ਸਨ ਕਿ ਰਜ਼ਾ ਵਿਚ ਰਾਜ਼ੀ ਰਹਿਣਾ ਹੀ ਸਿਖ ਦਾ ਧਰਮ ਹੈ।

ਇਕ ਵਾਰ ਮੀਂਹ ਦਾ ਰੰਗ ਵੇਖ ਕੇ ਜਦ ਕਿਸਾਨਾਂ ਨੇ ਕਿਹਾ ਕਿ ਭਾਈ ਜੀ ਅਰਦਾਸ ਕਰੋ ਕਿ ਬਾਰਸ਼ ਨਾਂਹ ਹੋਵੇ (ਕਿਉਂਕਿ ਬਹੁਤ ਨੁਕਸਾਨ ਹੋ ਜਾਏਗਾ) ਤਾਂ ਆਪ ਨੇ ਕਿਹਾ ਰਜ਼ਾ ਵਿਚ ਰਾਜ਼ੀ ਰਹਿਣਾ ਹੀ ਧਰਮ ਹੈ। ਸੁਆਮੀ ਜੋ ਕੁਝ ਕਰ ਰਿਹਾ ਹੈ ਸੇਵਕ ਨੂੰ ਉਸ ਅਗੇ ਹੀ ਸਿਰ ਝੁਕਾਉਣਾ ਚਾਹੀਦਾ ਹੈ :-

*ਜੁ ਕੁਝ ਕਰੈ ਸੁਆਮੀ ਮੇਰਾ,*
*ਉਹੀ ਪੂਰੀ ਜਾਨੈ ਚੇਰਾ।*

੧੦. ਅਰਦਾਸ ਕਰਾਉਣ ਵਾਲਿਆਂ ਜਾਂ ਪ੍ਰਸ਼ਾਦ ਆਦਿ ਛਕਾ ਕੇ ਅਰਦਾਸ ਕਰਾਉਣ ਵਾਲਿਆਂ ਦੀ ਅਰਦਾਸ ਕਰਨ ਤੋਂ ਆਪ ਇਨਕਾਰ ਕਰ ਦਿਆ ਕਰਦੇ ਸਨ ਅਤੇ ਕਿਹਾ ਕਰਦੇ ਸਨ, ਮਨੋ ਕਾਮਨਾ, ਆਮ ਕਰਕੇ ਵਾਸ਼ਨਾ ਵਾਲੀ ਹੁੰਦੀ ਹੈ। ਅਰਦਾਸ ਨਾਲ ਜੇ ਇਹ ਪੂਰੀ ਹੋ ਗਈ ਤਾਂ ਇਹ ਪਾਪ ਬਣ ਜਾਵੇਗੀ : ਜੇ ਇਹ ਨਾਂਹ ਪੂਰੀ ਹੋਈ ਤਾਂ ਵਾਹਿਗੁਰੂ ਦੇ ਜਨਾਂ ਉਤੇ ਅਰਦਾਸ ਕਰਾਉਣ ਵਾਲਾ ਗੁਸਾ ਕਰੇਗਾ ਅਤੇ ਉਸਦਾ ਬਣਿਆ ਨਿਸਚਾ ਟੁਟ ਜਾਏਗਾ।

ਪ੍ਰਸ਼ਾਦਿ ਆਦਿ ਛਕ ਕੇ ਅਰਦਾਸ ਕਰਨ ਬਾਰੇ ਉਹ 'ਲੈਣ ਦੇਣ ਹੋ ਗਿਆ' ਕਿਹਾ ਕਰਦੇ ਸਨ। ਉਹ ਕਹਿੰਦੇ ਹੁੰਦੇ ਸਨ ਕਿ ਵਾਹਿਗੁਰੂ ਜੀ ਅਗੇ ਅਰਦਾਸ ਕਰਨੀ ਕੋਈ ਲੈਣ ਦੇਣ ਜਾਂ ਸੌਦਾ ਕਰਨਾ ਨਹੀਂ। ਇਸ ਲਈ ਅਕਾਲ ਪੁਰਖ ਤੋਂ ਉਸ ਦੀ ਮਿਹਰ ਮੰਗਣੀ ਹੀ ਯੋਗ ਤੇ ਠੀਕ ਅਰਦਾਸ ਹੈ।

੧੧. ਗੁਰਬਾਣੀ ਦੇ ਐਸੇ ਉਚੇ ਸੁਚੇ ਉਪਦੇਸ਼ਾਂ ਨੂੰ ਕਮਾਉਣ ਵਾਲੇ ਤੇ ਪ੍ਰਚਾਰਨ ਵਾਲੇ ਸ੍ਰੀ ਮਾਨ ਭਾਈ ਸਾਹਿਬ ਕਹਿਆ ਕਰਦੇ ਸਨ ਕਿ ਤਨ, ਮਨ, ਧਨ ਨਾਲ ਸਿਮਰਨ ਕਰਨਾ ਹੀ ਸਫਲ ਸਿਖੀ ਹੈ। ਇਸ ਦੀ ਵਿਆਖਿਆ ਕਰਦਿਆਂ ਕਹਿਆ ਕਰਦੇ ਸਨ ਕਿ ਤਨ ਦਾ ਸਿਮਰਨ ਹੈ, ਸੰਗਤ ਵਿਚ ਬੈਠ ਕੇ

ਕੀਰਤਨ ਸੁਣਨਾ ਸੁਣਾਉਣਾ, ਇੰਦ੍ਰੀਆਂ ਨੂੰ ਵਸ ਕਰਨਾ ਤੇ ਸੰਜਮ ਵਿਚ ਰਹਿਣਾ। ਮਨ ਦਾ ਸਿਮਰਨ ਹੈ ਜੇ ਤਨ ਰੁਕੇ ਵੀ ਤਾਂ ਉਸ ਨੂੰ ਰੁਕਣ ਨ ਦੇਵੇ। ਮਨ ਨੂੰ ਤਕੜਿਆਂ ਕਰਕੇ ਤਨ ਨੂੰ ਵਾਹਿਗੁਰੂ ਵਲ ਲਾਵੇ। ਜਿਵੇਂ ਲੜਾਈ ਦੇ ਮੈਦਾਨ ਵਿਚ ਸੂਰਮਾਂ ਕੇਵਲ ਲੜਨ ਭਿੜਨ ਬਾਰੇ ਹੀ ਸੋਚਦਾ ਹੈ। ਉਹ ਇਸ ਪਖੋਂ ਚੁਕਿਆ ਨਹੀਂ ਕਿ ਮਰਿਆ ਨਹੀਂ। ਇਸੇ ਤਰਾਂ ਮਨ ਨੂੰ ਪ੍ਰਮਾਤਮਾ ਵਲੋਂ ਚੁਕਣ ਨ ਦੇਵੇ। ਦਿਲ ਦੀ ਕਿਤਾਬ ਉਤੇ ਦੂਜਾ ਅਖਰ ਲਿਖਣ ਹੀ ਨਾਂਹ ਦੇਵੇ। ਇਹੋ ਸਫਲ ਜੀਵਨ ਹੈ।

ਭਾਈ ਸਾਹਿਬ ਨੇ ਲਗਭਗ ੭੧-੭੨ ਸਾਲ ਇਸ ਸੰਸਾਰ ਵਿਚ ਰਹਿ ਕੇ ਸੇਵਾ ਅਤੇ ਸਿਮਰਨ ਦੀ ਜੋ ਘਾਲਣਾ ਗੁਰ ਆਸ਼ੇ ਅਨੁਸਾਰ ਘਾਲੀ ਉਹ ਰਹਿੰਦੀ ਦੁਨੀਆ ਤਕ ਸਾਡੀ ਅਗਵਾਈ ਲਈ ਚਾਨਣ ਮੁਨਾਰੇ ਦਾ ਕੰਮ ਦੇ ਸਕਦੀ ਹੈ।

ਕਾਸ਼! ਅਸੀਂ ਗੁਰੂ ਕੇ ਸਿਖ ਅਖਵਾਉਣ ਵਾਲੇ ਇਨ੍ਹਾਂ ਅਤੇ ਇਨਾਂ ਵਰਗੇ ਹੋਰ ਕਈ ਗੁਰਮੁਖ ਪਿਆਰਿਆਂ ਦੇ ਜੀਵਨ ਪੜ੍ਹ ਸੁਣ ਕੇ ਜਿਥੇ ਇਨਾਂ ਦੇ ਪਾਏ ਹੋਏ ਪੂਰਨਿਆਂ ਤੇ ਚਲਣ ਦੀ ਕੋਸ਼ਸ਼ ਆਪ ਕਰੀਏ ਉਥੇ ਇਨਾਂ ਨੂੰ ਪ੍ਰਚਾਰਨ ਦਾ ਵੀ ਵਧ ਤੋਂ ਵਧ ਯਤਨ ਕਰਦਿਆਂ ਤਨ, ਮਨ ਤੇ ਧਨ ਵੀ ਸਫਲਾ ਕਰੀਏ।

# ਸੂਚਨਾ

ਗੁਰਮਤਿ ਪ੍ਰਚਾਰ ਸਭਾ ਵਲੋਂ ਸ਼ੁੱਧ ਗੁਰਬਾਣੀ ਪੜ੍ਹਨ ਦੇ ਪ੍ਰਚਾਰ ਲਈ :-

1. ਜਪੁਜੀ, ਰਹਿਰਾਸਿ, ਸੋਹਿਲਾ ਅਤੇ ਅਰਦਾਸ ਵਾਲਾ ਗੁਟਕਾ ਮੋਟੇ ਅਖਰਾਂ ਵਿੱਚ ਵਧੀਆ ਕਾਗਜ਼ ਉਤੇ ਸੁੰਦਰ ਛਪਾਈ ਅਤੇ ਸ਼ੁੱਧ ਉਚਾਰਨ ਸੰਕੇਤਾਂ ਸਹਿਤ ਅਠਵੀਂ ਵਾਰ ਗੁਰੂ ਕਿਰਪਾ ਨਾਲ ਛਪਿਆ ਹੈ। ਭੇਟਾ ਡਾਕ ਖਰਚ ਸਮੇਤ = 4/- ਰੁ:
2. ਇਕੱਲਾ ਜਪੁਜੀ ਸਾਹਿਬ ਸੁੰਦਰ ਛਪਾਈ ਵਾਲਾ = 2/- ਰੁ:
3. ਬੇਨਤੀ ਚੌਪਈ ਅਤੇ ਚੌਪਈ ਪਾ: ੧੦ ਨੂੰ ਅਰਥਾਂ ਸਹਿਤ ਦੂਜੀ ਵਾਰ ਵਧੀਆ ਕਾਗਜ਼ ਤੇ ਛਾਪਿਆ ਗਿਆ ਹੈ। = 2/- ਰੁ:
4. ਬਾਣੀ ਸ਼ੁੱਧ ਪੜਨ ਬਾਰੇ ਟ੍ਰੈਕਟ ਨੰ: 27 = 50/- ਰੁ: ਸੈਂਕੜਾ
5. ਹਰ ਗੁਰਸਿੱਖ ਦੇ ਪੜ੍ਹਨ ਯੋਗ ਪੁਸਤਕ 'ਅੰਮ੍ਰਿਤ ਵੇਲਾ' ਰਿਆਇਤੀ ਮੁੱਲ = 10/- ਰੁ:
6. ਸਭ ਬੀਮਾਰੀਆਂ ਦਾ ਇਲਾਜ 'ਪ੍ਰਭੂ-ਨਾਮ' = 5/- ਰੁ:
7. ਜਾਪੁ ਸਾਹਿਬ ਸੰਖੇਪ ਅਰਥਾਂ ਸਹਿਤ = 5/- ਰੁ:
8. ਰੂਹਾਂ ਸੰਬੰਧੀ ਜਾਣਕਾਰੀ ਦੇਣ ਵਾਲੀ ਅਮਰੀਕਨ ਲੇਖਿਕਾ ਰੂਥ ਮਾਂਟਗੁਮਰੀ ਦੀ ਲਿਖੀ ਪੁਸਤਕ A world beyond ਦੇ ਕੁਝ ਭਾਗ ਦਾ ਪੰਜਾਬੀ ਉਲੱਥਾ 'ਅਬਿਨਾਸ਼ੀ ਲੀਲ੍ਹਾ'' ਦੀ ਦੂਜੀ ਐਡੀਸ਼ਨ = 7/- ਰੁ:

**ਨੋਟ** : ਇਹ ਅਤੇ ਇਸ ਤਰ੍ਹਾਂ ਹਰ ਮਹੀਨੇ ਛਪਣ ਵਾਲੇ ਟ੍ਰੈਕਟ = 50/- ਰੁ: ਸੈਂਕੜਾ ਦੇ ਹਿਸਾਬ ਮੰਗਵਾਉਣ ਲਈ ਮਨੀ ਆਰਡਰ ਜਾਂ ਬੈਂਕ ਡਰਾਫ਼ਟ ਸ੍ਰ: ਦੀਦਾਰ ਸਿੰਘ, C-129/-, ਵਿਕਾਸ ਕਾਲੋਨੀ, ਪਟਿਆਲਾ-147 003 ਨੂੰ ਭੇਜਿਆ ਜਾਏ। ਦਸਤੀ ਆ ਕੇ ਲੈਣ ਲਈ ਗੁਰਸਿੱਖ ਫੁਲਵਾੜੀ ਪਬਲਿਕ ਸਕੂਲ, ਗੁਰਬਖ਼ਸ਼ ਕਾਲੋਨੀ, ਗਲੀ ਨੰ: 6, ਪਟਿਆਲਾ ਵਿਖੇ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ ਦਰਸ਼ਨ ਦਿਓ।

ਪ੍ਰਾਰਥਕ